ਅਰਮਾਨ (ARMAAN)
Vol. 3 | Issue 3 | July-Sep. 2025
ISSN: 2583-9446 (O)
Paper Published Id: ARMN030311
Available online at: www.armaan.org.in
DOI: https://doi.org/10.64119/armaan.vol.3.issue3.11

# ਸਵਰਾਜਬੀਰ ਰਚਿਤ ਨਾਟਕ 'ਅਗਨੀ ਕੁੰਡ' ਦੀਆਂ ਨਾਟ ਜੁਗਤਾਂ

# SAWRAJBIR RACHIT NATAK 'AGNI KUND' DIAN NAAT JUGTAAN

**ਡਾ. ਸਿਮਰਜੀਤ ਕੌਰ** (Dr. Simarjit Kaur)

**ਅਸਿਸਟੈਂਟ ਪ੍ਰੋਫੈਸਰ, ਪੰਜਾਬੀ** (Assistant Professor, Punjabi)

**ਪੀਸੀਐੱਮ ਐੱਸ. ਡੀ. ਕਾਲਜ ਫ਼ਾਰ ਵੂਮੈਨ ਜਲੰਧਰ (ਪੰਜਾਬ)**

Email ID: simranrimpy1979@gmail.com ਮੋਬਾਈਲ: +91- 95306-04039

**ਸਾਰ (Abstract)**

*ਡਾ. ਸਵਰਾਜਬੀਰ ਪੰਜਾਬੀ ਨਾਟਕ ਦੇ ਖੇਤਰ ਵਿਚ ਪ੍ਰਗਤੀਵਾਦੀ, ਸਮਾਜਵਾਦੀ ਅਤੇ ਗਹਿਰ ਗੰਭੀਰ ਨਾਟਕਕਾਰ ਹੋਣ ਕਰਕੇ ਵਿਲੱਖਣ ਪਛਾਣ ਰੱਖਦਾ ਹੈ। ਇਹ ਵਿੱਲਖਣਤਾ ਉਸਨੇ ਆਪਣੇ ਪਹਿਲੇ ਦੋ ਨਾਟਕਾਂ 'ਧਰਮ ਗੁਰੂ' ਅਤੇ 'ਕ੍ਰਿਸ਼ਨ' ਦੀ ਸਿਰਜਣਾ ਕਰਕੇ ਪ੍ਰਾਪਤ ਕਰ ਲਈ ਸੀ। ਉਸਦੇ ਅਗਲੇ ਨਾਟਕ ਮੇਦਨੀ, ਸ਼ਾਇਰੀ, ਮੱਸਿਆ ਦੀ ਰਾਤ, ਹੱਕ, ਕੱਲਰ, ਅਗਨੀ ਕੁੰਡ' ਨੇ ਉਸਨੂੰ ਚੌਥੀ ਪੀੜ੍ਹੀ ਦਾ ਸ਼ਾਹਕਾਰ ਨਾਟਕਕਾਰ ਹੋਣ ਦੀ ਸ਼ਨਾਖਤ ਦਿੱਤੀ। 'ਮੱਸਿਆ ਦੀ ਰਾਤ' ਨਾਟਕ ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਨਾਲ ਨਿਵਾਜਿਆ ਗਿਆ। ਸਵਰਾਜਬੀਰ ਦੇ ਨਾਟਕਾਂ ਦਾ ਵਿਸ਼ੇਗਤ ਧਰਾਤਲ ਬੌਧਿਕਤਾ ਭਰਭੂਰ ਹੈ। ਉਹ ਨਾਟਕੀ ਪਾਤਰਾਂ ਦਾ ਰਾਜਸੀ, ਧਾਰਮਿਕ ਅਤੇ ਸਮਾਜਿਕ ਆਗੂਆਂ ਨਾਲ ਬੜੀ ਬੇਬਾਕੀ ਨਾਲ ਵਿਚਾਰਧਾਰਕ ਸੰਵਾਦ ਰਚਾਉਂਦਾ ਹੋਇਆ ਸਿੱਧੀ ਟੱਕਰ ਪੇਸ਼ ਕਰਦਾ ਹੈ। ਇਹਨਾਂ ਰਚਨਾਵਾਂ ਦੇ ਵਿਸ਼ਿਆਂ ਦਾ ਆਧਾਰ ਸਰੋਤ ਇਤਿਹਾਸਕ ਘਟਨਾਵਾਂ ਜਾਂ ਪੌਰਾਣਿਕ ਗ੍ਰੰਥਾਂ ਵਿਚਲੀਆਂ ਮਿਥਿਹਾਸਕ ਕਥਾਵਾਂ ਹਨ। ਇਹ ਰਚਨਾਵਾਂ ਇਤਿਹਾਸ, ਮਿਥਿਹਾਸ ਦੀ ਗਰਦ ਹੇਠ ਲੁਕੇ ਸਮਾਜਿਕ, ਧਾਰਮਿਕ, ਰਾਜਨੀਤਕ ਵਿਵਸਥਾਗਤ ਅਸਲ ਨੂੰ ਅਜੋਕੇ ਸਮੇਂ ਦੇ ਸੰਦਰਭ ਵਿੱਚ ਤਰਕਸ਼ੀਲਤਾ ਨਾਲ ਪੇਸ਼ ਕਰਦੀਆਂ ਹਨ। ਬੌਧਿਕ ਪੱਧਰ ਦੇ ਅਜਿਹੇ ਵਿਸ਼ਿਆਂ ਦਾ ਨਾਟਕੀ ਰੁਪਾਂਤ੍ਰਣ ਕਰਨਾ ਅਤਿ ਔਖਾ ਪੰਥ ਹੈ। ਡਾ. ਸਵਰਾਜਬੀਰ ਨੇ ਇਹਨਾਂ ਵਿਸ਼ਿਆਂ ਦੇ ਨਾਟਕੀ ਰੁਪਾਂਤ੍ਰਣ ਲਈ ਪਰੰਪਰਾਵਾਦੀ ਨਾਟ-ਜੁਗਤਾਂ ਦੇ ਨਾਲ-ਨਾਲ ਨਵੀਨ ਨਾਟ-ਜੁਗਤਾਂ ਵੀ ਵਰਤੀਆਂ ਹਨ। ਸਾਹਿਤਕ ਵਿਧਾਵਾਂ ਵਿੱਚ ਵਿਸ਼ੇਸ਼ ਵਿਧਾਵੀ ਜੁਗਤਾਂ ਦੀ ਵਰਤੋਂ ਰਚਨਾ ਦੇ ਵਿਸ਼ੇਗਤ ਵਿਚਾਰਾਂ ਦੀ ਅਸਰਦਾਇਕ ਪੇਸ਼ਕਾਰੀ ਲਈ ਕੀਤੀ ਜਾਂਦੀ ਹੈ। ਇਹ ਜੁਗਤਾਂ ਸਾਹਿਤਕਾਰ ਦੀ ਵਿਲੱਖਣ ਦ੍ਰਿਸ਼ਟੀ ਅਤੇ ਕਲਮ ਕਲਾ ਦੀ ਕਮਾਲ ਦਾ ਪਰਿਮਾਣ ਹੁੰਦੀਆਂ ਹਨ। ਨਾਟਕ ਸਾਹਿਤਕ ਅਤੇ ਦ੍ਰਿਸ਼ ਕਲਾ ਦੀ ਦੂਹਰੀ ਪ੍ਰਕਿਰਿਆ ਵਿਚੋਂ ਗੁਜ਼ਰਦਾ ਹੈ ਇਸ ਕਰਕੇ ਨਾਟਕ ਵਿੱਚ ਨਾਟ ਜੁਗਤਾਂ ਦੀ ਖ਼ਾਸ ਮਹੱਤਤਾ ਹੈ।*

***ਕੀਵਰਡ (Keyword): ਮਿੱਥ, ਅਗਨੀ ਕੁੰਡ. ਸਵਰਾਜਬੀਰ, ਜੁਗਤਾਂ, ਸੂਤਰਧਾਰ, ਹੋਣੀ, ਨਾਟਕਕਾਰ, ਆਰੀਆ, ਮਿਥਿਹਾਸ।***

ਨਾਟਕਕਾਰ ਦੀ ਕੋਸ਼ਿਸ ਹੁੰਦੀ ਹੈ ਕਿ ਉਹ ਨਾਟਕ ਵਿੱਚ ਪੇਸ਼ ਸੂਖਮ ਭਾਵਾਂ ਦੀ ਪ੍ਰਭਾਵਪੂਰਨ ਸਮਝ ਪੈਦਾ ਕਰ ਸਕੇ। ਸਿਰਜਨਾਤਮਕ ਸ਼ਕਤੀ ਦੇ ਧਨੀ ਸਿਰਜਕ ਆਪਣੀ ਹਰ ਸੱਜਰੀ ਕਿਰਤ ਸੰਗ ਪਹਿਲੀਆਂ ਨਾਟ- ਜੁਗਤਾਂ ਤੋਂ ਭਿੰਨ ਨਵੀਆਂ ਅਤੇ ਢੁੱਕਵੀਆਂ ਨਾਟਕ ਜੁਗਤਾਂ ਦੀ ਨਿਆਮਤ ਨਾਲ ਸ਼ਿਰਕਤ ਕਰਦੇ ਹਨ। ਇਸ ਤਰ੍ਹਾਂ ਪ੍ਰਤਿਭਾਸ਼ਾਲੀ ਸਾਹਿਤਕਾਰ/ ਨਾਟਕਕਾਰ ਵਲੋਂ ਕੀਤੇ ਮਿਹਨਤਕਸ਼ ਯਤਨਾਂ ਸਦਕਾਂ ਸਾਹਿਤਕ ਵਿਧਾਵਾਂ ਵਿੱਚ ਨਵੀਆਂ ਜੁਗਤਾਂ ਦਸਤਕ ਦਿੰਦੀਆਂ ਹਨ। ਨਾਟਕ ਦੀ ਪੇਸ਼ਕਾਰੀ ਵਿੱਚ ਦ੍ਰਿਸ਼ ਜੁਗਤਾਂ ਅਤੇ ਸੂਚਨਾਂ ਜੁਗਤਾਂ ਖ਼ਾਸ ਮਹੱਤਵ ਰਖਦੀਆਂ ਹਨ। ਡਾ. ਗੁਰਦਿਆਲ ਸਿੰਘ ਫੁੱਲ ਅਨੁਸਾਰ:

*"ਨਾਟਕ ਇਕ ਦ੍ਰਿਸ਼- ਕਾਵਿ ਹੈ ਪ੍ਰਦਸ਼ਨੀ ਕਲਾ ਹੈ, ਜਿਸ ਵਿੱਚ ਕਹਾਣੀ ਵਾਪਰਦੀ ਮੰਚ 'ਤੇ ਦਿਖਾਈ ਦਿੰਦੀ ਹੈ ਭਾਵ ਪਾਤਰਾਂ ਦਾ ਆਪਣਾ ਘੋਲ ਮੰਚ 'ਤੇ ਅਭਿਵਿਅਕਤ ਕੀਤਾ ਜਾਂਦਾ ਹੈ ਜਿਸ ਲਈ ਨਾਟਕਕਾਰ ਨੂੰ ਵੱਖ –ਵੱਖ ਜੁਗਤਾਂ ਦੀ ਲੋੜ ਪੈਂਦੀ ਹੈ।"* [1]

ਡਾ. ਜਗੀਰ ਸਿੰਘ ਨੂਰ ਅਨੁਸਾਰ:

*"ਨਾਟਕਾਰ ਦੂਜੇ ਨਾਟਕਕਾਰਾਂ ਨਾਲੋਂ ਆਪਣੀਆਂ ਵੱਖਰੀਆਂ ਜੁਗਤਾਂ ਵਰਤਦੇ ਹਨ ਅਤੇ ਇਥੋਂ ਤੱਕ ਕਿ ਆਪਣੇ ਵੱਖ- ਵੱਖ ਨਾਟਕਾਂ ਵਿੱਚ ਜੁਗਤਾਂ ਦੀ ਵਿਭਿੰਨਤਾ ਰੱਖਦੇ ਹਨ ਤਾਂ ਜੋ ਦੁਹਰਾਉ ਨਾ ਆਵੇ, ਅਤੇ ਹਰ*


Received: 10 August 2025 Accepted: 28 August 2025 Published: 05 September 2025

*ਨਾਟਕੀ ਰਚਨਾ ਵਿਚਾਰਧਾਰਾ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਨਵੀਆਂ ਜੁਗਤਾਂ ਨਾਲ ਪ੍ਰਸਤੁਤ ਕਰਦੀ ਪ੍ਰਤੀਤ ਹੋਵੇ।'' [2]*

ਬਹੁਤ ਸਾਰੀਆਂ ਨਾਟ ਵਿਧੀਆਂ ਸਾਂਝੀਆਂ ਜਾਂ ਪੁਰਾਣੀਆਂ ਹੀ ਹੁੰਦੀਆਂ ਹਨ ਜੋ ਨਾਟਕ ਦੇ ਰੂਪ ਨੂੰ ਕਲਾਮਈ ਅਤੇ ਵਿਸ਼ੇ ਦੀ ਸੂਖਮਤਾ ਨੂੰ ਵਿਸਥਾਰ ਦੇਣ ਵਿੱਚ ਸਹਾਈ ਹੁੰਦੀਆਂ ਹਨ। ਨਾਟਕ ਦੀ ਉੱਤਮਤਾ ਨਾਟਕਕਾਰ ਵਲੋਂ ਕੀਤੀ ਇਹਨਾਂ ਦੀ ਸੁਚੱਜੀ ਵਰਤੋਂ ਉਤੇ ਨਿਰਭਰ ਕਰਦੀ ਹੈ। ਡਾ: ਚੰਦਰ ਪ੍ਰਕਾਸ਼ ਅਨੁਸਾਰ:

*"ਇਹ ਵਿਧੀਆਂ ਇਕ ਤੋਂ ਵੱਧ ਨਾਟਕਾਂ ਦੇ ਪ੍ਰਸੰਗ ਵਿੱਚ ਵੀ ਹੋ ਸਕਦੀਆਂ ਹਨ ਤੇ ਇਕੋ ਨਾਟਕ ਵਿੱਚ ਉਸ ਦੀਆਂ ਮੁੱਖ ਨਾਟ- ਵਿਧੀਆਂ ਵਜੋਂ ਵੀ ਕਾਰਜਸ਼ੀਲ ਹੋ ਸਕਦੀਆਂ ਹਨ। ਵਿਧੀਆਂ ਸਾਂਝੀਆਂ ਹੁੰਦੀਆਂ ਹਨ ਪਰ ਹਰੇਕ ਨਾਟ ਸਿਰਜਕ ਇਹਨਾਂ ਦੀ ਵਰਤੋਂ ਆਪਣੇ-ਆਪਣੇ ਤਰੀਕਾ ਨਾਲ ਕਰਦਾ ਹੈ। ਇਹ ਨਾਟ ਵਿਧੀਆਂ ਹੀ ਨਾਟਕਕਾਰ ਨੂੰ ਦੂਜੇ ਨਾਟਕਕਾਰ ਤੋਂ ਨਿਖੇੜਦੀਆਂ ਹਨ। ਨਾਟ ਵਿਧੀਆਂ ਨਾਟਕੀ ਤੱਤਾਂ ਦੇ ਸੰਗਠਨ ਵਿੱਚ ਇਕ ਨੇਮ ਪ੍ਰਬੰਧ ਵਜੋਂ ਕਾਰਜਸ਼ੀਲ ਹੁੰਦੀਆਂ ਹਨ, ਜੋ ਨਾਟਕ ਦੇ ਵਿਸ਼ੇ ਤੇ ਰੂਪ ਨੂੰ ਯੋਜਨਾਬੱਧ ਕਰਦੀਆਂ ਹਨ। ਨਾਟ ਵਿਧੀਆਂ ਦਾ ਮੂਲ ਪ੍ਰਯੋਜਨ ਨਾਟਕ ਦੀ ਹੋਂਦ-ਵਿਧੀ ਨਾਲ ਸੰਬੰਧਤ ਹੈ ਜਿਸਦਾ ਆਧਾਰ ਨਾਟਕਕਾਰ ਦੀ ਸਿਰਜਣਕਾਰੀ ਨਾਲ ਹੈ।'' [3]*

ਨਾਟ ਜੁਗਤਾਂ ਦਾ ਮੂਲ ਮੰਤਵ ਨਾਟ ਰਚਨਾ ਦੇ ਵਿਸ਼ੇਗਤ ਪਸਾਰਾਂ ਤੇ ਪ੍ਰਯੋਜਨ ਤੋਂ ਪਾਠਕਾਂ/ਸਰੋਤਾਂ ਨੂੰ ਪੂਰੀ ਤਰ੍ਹਾਂ ਜਾਣੂ ਕਰਾਉਣਾ ਹੈ ਜਿਨ੍ਹਾਂ ਨੂੰ ਸਿਰਫ਼ ਸ਼ਾਬਦਿਕ ਰੂਪਾਂ ਵਿੱਚ ਨਹੀਂ ਸਗੋਂ ਦ੍ਰਿਸ਼ ਰੂਪਾਂ ਵਿੱਚ ਖ਼ਾਸ ਢੰਗ ਨਾਲ ਵਰਤੋਂ ਵਿੱਚ ਲਿਆਇਆ ਜਾਂਦਾ ਹੈ ਤਾਂ ਜੋ ਸੂਖਮ ਭਾਵਾਂ ਦੀ ਪੇਸ਼ਕਾਰੀ ਨੂੰ ਸੰਭਵ ਕੀਤਾ ਜਾਵੇ ਅਤੇ ਨਾਟਕ ਨੂੰ ਵਿਲੱਖਣ ਕਲਾਤਮਕਤਾ ਵਿੱਚ ਬੰਨ੍ਹ ਕੇ ਵਿਸ਼ੇ ਨੂੰ ਸੰਪੂਰਨਤਾ ਤੇ ਆਕਰਸ਼ ਬਖਸ਼ ਕੇ ਵਧੇਰੇ ਅਸਰਦਾਰ ਬਣਾਇਆ ਜਾ ਸਕੇ। ਡਾ. ਮੋਹਨਜੀਤ ਅਨੁਸਾਰ:

*"ਨਾਟਕ ਦਰਸ਼ਨੀ ਕਲਾ ਹੈ, ਦ੍ਰਿਸ਼ ਕਾਵਿ ਹੈ। ਜੁਗਤ ਇਸ ਦਰਸ਼ਨੀ ਕਲਾ ਦੀ ਚੂਲ੍ਹ ਹੈ। ਇਸ ਚੂਲ੍ਹ ਆਸਰੇ ਈ ਨਾਟਕੀ ਵਿਹਾਰ ਹੋਂਦ ਵਿੱਚ ਆਉਂਦਾ ਹੈ, ਵਿਗਸਦਾ ਹੈ। ਸਿਖਰ ਛੂੰਹਦਾ ਹੈ। ਇਤਿਹਾਸ ਬਣਦਾ ਹੈ। ਜਿੱਡੀ ਵੱਡੀ ਜੁਗਤ ਉਨਾ ਵੱਡਾ ਨਾਟਕ। ਜੇ ਭਾਸ਼ਾ ਦੀ ਪ੍ਰਾਪਤ ਵਰਤੋਂ ਜੁਗਤ ਹੈ ਤਾਂ ਵਿਚਾਰ ਅਤੇ ਭਾਸ਼ਾ ਦਾ ਵਿਸ਼ੇਸ਼ ਪ੍ਰਯੋਗ ਵੀ ਜੁਗਤ ਹੈ।" [4]*

ਸਾਹਿਤ ਦੀਆਂ ਦੂਜੀਆਂ ਵਿਧਾਵਾਂ ਦੇ ਤੁਲਨਾਤਮਕ ਨਾਟ ਜੁਗਤ ਦੀ ਨਾਟਕ ਵਿੱਚ ਮਹੱਤਤਾ ਜ਼ਿਆਦਾ ਹੈ। ਉਂਝ ਤਾਂ ਨਾਟਕ ਹਰ ਘੜੀ ਨਾਟ ਜੁਗਤ ਵਿਚੋਂ ਗੁਜ਼ਰਦਾ ਰੁਪਾਂਤ੍ਰਿਤ ਹੋ ਰਿਹਾ ਹੁੰਦਾ ਹੈ। ਪਾਤਰਾਂ ਦੇ ਸੰਵਾਦ, ਮੂਕ ਅਭਿਨੈ, ਲੰਮੀਆਂ ਚੁੱਪਾਂ, ਸਥਿਤੀਆਂ ਦਾ ਉਲਟਾਉ, ਪਾਤਰਾਂ ਦਾ ਚਿੰਨ੍ਹਾਤਮਕ ਰੂਪ, ਸੁਝਾਊ ਭਾਸ਼ਾ, ਕਾਵਿਮਈ ਵਾਰਤਾਲਾਪ, ਕੋਰਸ, ਸੱਥ, ਸੂਤਰਧਾਰ, ਮਾਇਮ, ਪ੍ਰਸਤਾਵਨਾ, ਮੰਗਲਾਚਰਣ, ਮਨਬਚਨੀਆਂ, ਨਟ- ਨਟੀਆਂ, ਫੱਫੇਕੁਟਣੀਆਂ, ਸਹੇਲੀਆਂ, ਨ੍ਰਿਤ, ਹੋਣੀ, ਪਰਾਭੌਤਿਕੀ ਪ੍ਰਤੀਕ, ਜੜ੍ਹ ਵਰਗ ਵਸਤਾਂ ਆਦਿ ਨਾਟ ਜੁਗਤਾਂ ਦੀ ਢੁੱਕਵੀਂ ਵਰਤੋਂ ਅਤੇ ਕਲਾਤਮਿਕ ਪੇਸ਼ਕਾਰੀ ਹੀ ਇਕ ਨਾਟਕ ਨੂੰ ਦੂਜੇ ਨਾਟਕ ਨਾਲੋਂ ਅਤੇ ਸਾਹਿਤਕ ਦੂਜੀਆਂ ਵਿਧਾਵਾਂ ਨਾਲੋਂ ਨਿਖੇੜਦੀ ਹੈ। ਪ੍ਰੋ. ਸ਼ਿੰਦਰਪਾਲ ਸਿੰਘ ਅਨੁਸਾਰ:

*"ਦੁਖਾਂਤਕ ਸਥਿਤੀਆਂ, ਪਾਤਰਾਂ ਦਾ ਚਿੰਨ੍ਹਾਤਮਕ ਰੂਪ ਸਿਰਜਣ, ਕਾਵਿਮਈ ਵਾਰਤਾਲਾਪ, ਸਥਿਤੀਆਂ ਦਾ ਉਲਟਾਉ, ਪ੍ਰਤੀਕਾਤਮਕ, ਲੋਕਿਕ ਤੱਤ, ਸੁਝਾਉ ਭਾਸ਼ਾ ਅਦਿ ਨਾਟਕੀ ਜੁਗਤਾਂ ਨਾਲ ਦੁਖਾਂਤਕ ਪ੍ਰਭਾਵ ਨੂੰ ਤੀਖਣ ਕੀਤਾ ਜਾਂਦਾ ਹੈ।" [5]*

ਪੰਜਾਬੀ ਨਾਟਕ ਵਿੱਚ ਨਾਟਕਕਾਰ ਨੇ ਸਮੇਂ- ਸਮੇਂ ਆਪਣੇ ਨਾਟਕਾਂ ਵਿੱਚ ਨਵੀਆਂ ਜੁਗਤਾਂ ਨੂੰ ਸਿਰਜਿਆ ਹੈ ਤੇ ਨਾਟਕ ਰਚਨਾਵਾਂ ਦੀ ਹੋਂਦ ਨੂੰ ਅਮੀਰ ਕੀਤਾ। ਪੰਜਾਬੀ ਨਾਟਕ ਦੇ ਇਤਿਹਾਸ ਵਿੱਚ ਆਈ.ਸੀ ਨੰਦਾ, ਹਰਚਰਨ ਸਿੰਘ, ਬਲਵੰਤ ਗਾਰਗੀ, ਸੁਰਜੀਤ ਸਿੰਘ ਸੇਠੀ, ਆਤਮਜੀਤ, ਚਰਨਦਾਸ ਸਿੱਧੂ, ਅਜਮੇਰ ਔਲਖ, ਭੁਪਿੰਦਰ ਪਾਲੀ ਅਤੇ ਸਵਰਾਜਬੀਰ ਨੇ ਵੱਖਰੇ- ਵੱਖਰੇ ਦ੍ਰਿਸ਼ਟੀਕੋਣ ਤੋਂ ਨਾਟ ਜੁਗਤਾਂ ਦੀ ਸਿਰਜਨਾ ਕਰਕੇ ਆਪਣੀਆਂ ਰਚਨਾਵਾਂ ਨੂੰ ਇਕ ਦੂਜੇ ਨਾਲੋਂ ਨਿਖੜਵਾਂ ਰੂਪ ਦਿੱਤਾ। ਕਲਾਤਮਕ ਨੁਕਤੇ ਤੋਂ ਸਵਰਾਜਬੀਰ ਦੇ ਨਾਟਕਾਂ ਵਿੱਚ ਸਿਰਫ ਤਨਾਉ ਤੇ ਸੰਵਾਦਾਂ ਦੀ ਹੀ ਸਿਰਜਣਾ ਨਹੀਂ ਹੋਈ ਹੁੰਦੀ ਸਗੋਂ ਉਹ ਰੰਗਮੰਚ ਦੇ ਨਵੇਂ ਰੂਪ ਤੇ ਮਾਡਲ ਵੀ ਖੋਜਦਾ ਹੈ। ਇਹ ਨਾਟਕ ਵਸਤੂਗਤ ਜਾਂ ਵਿਸ਼ਾਗਤ ਵਿਲੱਖਣਤਾ ਕਰਕੇ ਹੀ ਮਹੱਤਵਪੂਰਨ ਨਹੀਂ ਸਗੋਂ ਨਾਟਕ ਦੀ ਪੇਸ਼ਕਾਰੀ ਦੇ ਵਿਧੀ ਵਿਧਾਨ ਨੂੰ ਦੁਹਰਾਉ ਵਾਲੀਆਂ ਨਾਟ-ਜੁਗਤਾਂ ਤੋਂ ਵੀ ਮੁਕਤ ਕਰਾਉਂਦੇ ਹਨ। ਸਵਰਾਜਬੀਰ ਨੇ ਆਪਣੇ ਨਾਟਕਾਂ ਵਿੱਚ ਲੋਕਧਾਰਾਈ ਜੁਗਤਾਂ ਦੀ ਭਰਪੂਰ ਵਰਤੋਂ ਕੀਤੀ। ਇਹ ਜੁਗਤਾਂ ਲੋਕਾਂ ਦੇ ਮਾਨਸਿਕ ਪੱਧਰ ਤੇ ਜਾ ਕੇ ਨਾਟਕ ਵਿਚਲੇ ਵਿਚਾਰ ਨੂੰ ਸੰਚਾਰਦੀਆਂ ਹਨ ਅਤੇ ਸੁਹਜ ਅਨੰਦ ਪੈਦਾ ਕਰਦੀਆਂ ਹਨ। ਡਾ ਸਰਬਜੀਤ ਸਿੰਘ ਅਨੁਸਾਰ:

*"ਲੋਕਧਾਰਾ ਅਤੇ ਲੋਕ ਗੀਤਾਂ ਵਾਲੀ ਰੂੜ੍ਹੀ ਨੂੰ ਜੁਗਤਾਂ ਬਣਾਕੇ ਅਜਮੇਰ ਸਿੰਘ ਔਲਖ ਆਪਣੇ ਨਾਟਕਾਂ ਦਾ ਪਿੰਡਾ ਅਤੇ ਤਾਸੀਰ ਬਦਲਾਉਂਦਾ ਹੈ। ਇਸ ਜੁਗਤ ਨੂੰ ਸਵਰਾਜਬੀਰ ਹੋਰ ਵਧੇਰੇ ਸਮਰਿੱਧ ਕਰਦਾ ਹੈ। ਉਸਦੇ*

*ਨਾਟਕਾਂ ਦੇ ਵਿਧੀ ਵਿਧਾਨ ਵਿੱਚ ਮੰਗਲਾਚਰਣ, ਲੋਕ ਨਾਟਕ ਦੇ ਨਟ ਅਤੇ ਨਟੀ, ਸੱਥ, ਫਫੇਕੁਟਣੀਆਂ, ਸਮੂਹ ਗਾਨ ਆਦਿ ਦੀਆਂ ਜੁਗਤਾਂ ਪੰਜਾਬੀ ਨਾਟਕ ਨੂੰ ਲੋਕ ਮਨਾ ਨਾਲ ਜੋੜਨ ਦਾ ਸਾਧਨ ਵੀ ਹੈ। ਇਹਨਾਂ ਜੁਗਤਾਂ ਰਾਹੀਂ ਉਹ ਵਿਚਾਰ ਨੂੰ ਹੀ ਨਹੀਂ ਸੰਚਾਰਦਾ ਸਗੋਂ ਲੋਕ ਮਨਾ ਦੇ ਸੁਹਜ- ਅਨੰਦ ਨੂੰ ਉਹਨਾਂ ਦੇ ਪੱਧਰ ਅਤੇ ਢੰਗ ਅਨੁਸਾਰ ਸੰਚਾਰਦਾ ਹੈ।"*[6]

**ਮਿੱਥ ਕਥਾ ਦੀ ਵਰਤੋਂ:**

ਸਵਰਾਜਬੀਰ ਨੇ ਧਰਮ ਗੁਰੂ ਅਤੇ ਕ੍ਰਿਸ਼ਨ ਨਾਟਕਾਂ ਵਾਂਗ ਅਗਨੀ ਕੁੰਡ ਨਾਟਕ ਦਾ ਵਿਸ਼ਾ ਵੀ ਮਿੱਥ ਕਥਾ ਦੇ ਆਧਾਰਤ ਹੈ। ਧਰਮ ਗੁਰੂ ਅਤੇ ਮੇਦਨੀ ਨਾਟਕਾਂ ਦੀ ਕਥਾ ਹਰੀਵੰਸ਼ ਪੁਰਾਣ, ਵਾਲਮੀਕੀ ਰਮਾਇਣ (ਬਾਲ ਕਾਂਡ, ਸਰਗ 57-59) ਸ੍ਰੀ ਭਾਗਵਤ (ਨੌਵਾਂ ਸਕੰਦ) ਅਤੇ ਦੇਵੀ ਭਾਗਵਤ ਵਿਚੋਂ ਲਈ ਗਈ ਹੈ। ਇਸੇ ਤਰ੍ਹਾਂ ਅਗਨੀ ਕੁੰਡ ਨਾਟਕ ਦੀ ਕਥਾ ਦਾ ਅਧਾਰ ਸਰੋਤ ਮਹਾਭਾਰਤ ਅਤੇ ਲੋਕ ਕਥਾਵਾਂ ਦੇ ਅੰਸ਼ ਹਨ। ਸਵਰਾਜਬੀਰ ਦਾ ਸਵੈ ਕਥਨ ਹੈ:

*"ਮੈਂ ਕਹਾਣੀ ਦੇ ਤੰਦ ਮਹਾਭਾਰਤ ਤੇ ਪੁਰਾਣ ਦੇ ਨਾਲ-ਨਾਲ ਉਸ ਕਥਾ ਤੋਂ ਲਏ ਹਨ ਜੋ ਅੰਬਾਲੇ ਲਾਗਲੇ ਪਿੰਡ ਬਿਬਿਯਾਲ ਦੇ ਦੋ ਮਜ੍ਹਬੀ ਸਿੱਖਾਂ ਨੇ ਗਾ ਕੇ ਆਰ. ਸੀ ਟੈਂਪਲ ਨੂੰ ਸੁਣਾਈ"*[7]

ਨਾਟਕ ਵਿੱਚ ਵਾਸੁਕੀ ਦਾ ਸਰਾਪੀ ਸਰੀਰਕ ਕੁਸ਼ਟ ਰੋਗ, ਸਫੀਦੋਂ ਨਗਰ ਦੇ ਖੂਹ ਦਾ ਚਮਤਕਾਰੀ ਪਾਣੀ, ਪਰੀਕ੍ਸ਼ਿਤ ਦੀ ਰਾਜਨੀਤੀ, ਤਕਸ਼ਕ ਦਾ ਸੰਕਲਪ, ਜਨਮੇਜਯ ਵਲੋਂ ਰਚਾਇਆ ਸਰਪਸਤਰ ਯੱਗ ਸਾਰੇ ਲੋਕ ਗਾਥਾ ਵਿਚੋਂ ਲਏ ਗਏ ਮਿੱਥਕ ਅੰਸ਼ ਹਨ। ਇਹਨਾਂ ਦੇ ਕਲਾਤਮਕ ਵਿਸਥਾਰ ਵਿਚੋਂ ਨਾਟਕਕਾਰ ਆਰੀਅਨ ਲੋਕਾਂ ਵਲੋਂ ਆਰੀਆ ਧਰਮ ਅਤੇ ਸੰਸਕ੍ਰਿਤੀ ਦੀ ਸਥਾਪਤੀ ਅਤੇ ਸਰਵਵਿਆਪਕਤਾ ਲਈ ਨਾਗ ਕਬੀਲੇ ਦੇ ਬੁਨਿਆਦੀ ਸਾਧਨਾਂ ਉਤੇ ਕਬਜ਼ਾ ਕਰਨ ਦੀਆਂ ਮਾਰੂ ਕੋਸ਼ਿਸ਼ਾਂ ਅਧੀਨ ਕੀਤੇ ਵਿਨਾਸ਼ੀ ਹਮਲੇ, ਅਤਿਆਚਾਰ, ਸੋਸ਼ਣ, ਦੋਹਾਂ ਧਿਰਾਂ ਦੇ ਆਪਸੀ ਵੈਰ, ਬਦਲੇ, ਤਕਰਾਰਾਂ ਨੂੰ ਪੇਸ਼ ਕਰਦਾ ਹੋਇਆ ਮਿਥਿਹਾਸ ਦੀਆਂ ਤੈਹਾਂ ਵਿੱਚ ਲੁਕੇ ਸੱਚ ਨੂੰ ਸਾਹਮਣੇ ਲਿਆਉਂਦਾ ਹੈ। ਨਾਟਕ ਵਿਚਲੇ ਪਾਤਰ, ਤਲਿਸਮੀ ਪ੍ਰਸਥਿਤੀਆਂ, ਘਟਨਾਵਾਂ ਅਦਿ ਮਿਥਿਹਾਸਕ ਅੰਸ਼ਾਂ ਪਿੱਛੇ ਲੁਕੇ ਸੱਚ ਨਾਲ ਭਰਪੂਰ ਹਨ। ਇਸ ਕਥਾ ਵਿਚੋਂ ਪੁਰਾਤਨ ਕਥਾ ਦੇ ਕੁਝ ਅੰਸ਼ਾਂ ਨੂੰ ਛੱਡ ਦਿੱਤਾ ਗਿਆ ਹੈ। ਇਹ ਨਾਟਕ ਲੋਕ ਗਾਥਾ ਵਿੱਚ ਪੇਸ਼ ਕਿਰਦਾਰ ਨਿਵਲ ਦੇਈ ਦੀ ਕਹਾਣੀ ਦੀ ਤੰਦ ਲੈ ਕੇ ਸ਼ੁਰੂ ਹੁੰਦਾ ਹੈ, ਜਿਸਦਾ ਮਹਾਭਾਰਤ ਜਾਂ ਰਮਾਇਣ ਵਿੱਚ ਜ਼ਿਕਰ ਨਹੀਂ। ਰਿਚਰਡ ਟੈਂਪਲ ਦੁਆਰਾ ਰਿਕਾਰਡ ਕੀਤੀ ਗਈ ਗਾਥਾ ਵਿੱਚ ਜ਼ਿਕਰ ਹੈ ਕਿ ਬਹੁਤ ਕੁਝ ਅਜਿਹਾ ਵੀ ਹੈ ਜਿਹਨਾਂ ਉੱਤੇ ਬ੍ਰਾਹਮਣੀ ਵਿਚਾਰਧਾਰਾ ਦਾ ਮੁਲੰਮਾ ਚੜ੍ਹਿਆ ਹੋਇਆ ਹੈ।

**ਮੰਗਲਾਚਰਣ/ਪ੍ਰਸਤਾਵਨਾ:**

ਸਵਰਾਜਬੀਰ ਦੇ ਨਾਟਕਾਂ ਦੇ ਮੰਗਲਾਚਰਣ ਭਾਰਤੀ ਨਾਟ ਪ੍ਰੰਪਰਾ ਤੋਂ ਵੱਖਰੀ ਕਿਸਮ ਦੇ ਹਨ। ਨਾਟਯ ਸ਼ਾਸ਼ਤਰ ਵਿੱਚ ਮੰਗਲਾਚਰਣ ਦੇਵੀ ਦੇਵਤਿਆਂ ਦੀ ਉਪਾਸਨਾ ਅਤੇ ਉਸਤਤੀ ਨਾਲ ਸਬੰਧਿਤ ਹੈ ਤਾਂ ਕਿ ਨਾਟਕ ਦੇ ਨਿਭਾਅ ਵਿੱਚ ਕੋਈ ਰੁਕਾਵਟ ਨਾ ਆਵੇ। ਡਾ. ਸਰਬਜੀਤ ਸਿੰਘ ਅਨੁਸਾਰ;

*"ਭਰਤਮੁਨੀ ਇਸਨੂੰ 'ਪੂਰਵਅੰਗ' ਕਹਿੰਦਾ ਹੈ। ਇਸ ਵਿੱਚ ਕਹਾਣੀ ਅਨੁਸਾਰ ਨ੍ਰਿਤ ਅਤੇ ਸੰਗੀਤ ਹੁੰਦਾ ਸੀ। ਭਰਤਮੁਨੀ ਨੇ ਮੰਗਲਾਚਰਣ ਜਾਂ ਪੂਰਵਅੰਗ ਇਸ ਲਈ ਲਿਆਂਦਾ ਸੀ ਤਾਂ ਕਿ ਨਾਟਕ ਨਿਰਵਿਘਨ ਸਮਾਪਤ ਹੋ ਸਕੇ।"*[8]

ਸਵਰਾਜਬੀਰ ਆਪਣੇ ਨਾਟਕਾਂ ਦੇ ਮੰਗਲਾਚਰਣ ਦੀ ਵਰਤੋਂ ਕੇਵਲ ਉਪਾਸਨਾ ਜਾਂ ਉਸਤਤ ਲਈ ਨਹੀਂ ਕਰਦਾ ਬਲਕਿ ਕਿਸੇ ਸਮੱਸਿਆ, ਗੁੰਝਲ, ਇਸਦੇ ਹੱਲ, ਅਟੱਲ ਹੋਣੀ ਜਾਂ ਨਾਟਕ ਦੀ ਕਥਾ ਦੇ ਅੰਤਰੀਵੀ ਸੰਸਾਰ ਅਤੇ ਮਹੱਤਵ ਬਾਰੇ ਸੂਚਿਤ ਕਰਦਾ ਹੈ। ਅਗਨੀ ਕੁੰਡ' ਨਾਟਕ ਦੇ ਆਰੰਭ ਵਿੱਚ ਮੰਗਲਾਚਰਣ ਨਹੀਂ ਹੈ। ਇਸ ਦਾ ਆਰੰਭ ਬਿਲਕੁਲ ਨਵੀਂ ਜੁਗਤ ਨਾਲ ਹੋਇਆ ਹੈ। ਇਸ ਦੀ ਪ੍ਰਸਤਾਵਨਾ "ਨਾਟ-ਆਰੰਭ" ਸਿਰਲੇਖ ਹੇਠ ਵਿਧੀਵੱਤ ਉਪਾਸਨਾ ਦੀ ਥਾਂ ਪਿੱਠ-ਭੂਮੀ ਤੋਂ ਸੰਚਾਰਿਤ ਕਾਵਿ-ਟੋਟੇ ਰਾਹੀਂ ਹੁੰਦੀ ਹੈ। ਫਿਰ ਸੂਤਰਧਾਰ ਵਲੋਂ ਸਮਾਜਿਕ ਬਹੁ-ਪਰਤੀ ਅਤੇ ਬੁਹ-ਦਿਸ਼ਾਵੀ ਸਮੱਸਿਆਵਾਂ ਦਾ ਲੰਬਾ ਵਰਣਨ ਹੈ। ਇਥੇ ਸੂਤਰਧਾਰ ਨਾਟਕਕਾਰ ਦਾ ਵਿਚਾਰਧਾਰਕ ਆਪਾ ਹੈ। ਸੂਤਰਧਾਰ ਦੀ ਭੂਮਿਕਾ ਰਾਹੀਂ ਨਾਟਕਕਾਰ ਆਪਣੀ ਰਚਨਾਤਮਿਕ ਪ੍ਰਕਿਰਿਆ ਅਤੇ ਮਾਨਸਿਕ ਦੁਵਿਧਾ ਵੱਲ ਪਾਠਕਾਂ ਦਾ ਧਿਆਨ ਦਵਾਉਂਦਾ ਹੈ। ਇਕ ਲੇਖਕ ਦੀ ਰਚਨਾਤਮਿਕ ਸੰਤੁਸ਼ਟੀ ਕਦੇ ਤ੍ਰਿਪਤ ਨਹੀਂ ਹੁੰਦੀ ਇਸ ਕਰਕੇ ਉਹ ਲਿਖਦਾ ਰਹਿੰਦਾ ਹੈ। ਇਸ ਸਾਰੇ ਆਰੰਭਕ ਭਾਗ ਦਾ ਲਹਿਜਾ ਸੰਬੋਧਨੀ, ਸੰਵਾਦਮੂਲਕ ਅਤੇ ਪ੍ਰਸ਼ਨੋਤਰੀ ਹੈ। ਉਪਰੰਤ ਸੂਤਰਧਾਰ ਅਤੇ ਇਤਿਹਾਸ ਦਾ ਤਰਕਸ਼ੀਲ ਸੰਵਾਦ ਹੈ। ਇਹ ਪਾਠਕਾਂ ਦੇ ਮਨ ਵਿੱਚ ਕਥਾ ਨੂੰ ਪੜ੍ਹਣ/ ਦੇਖਣ ਦੀ ਇੱਛਾ ਪੈਦਾ ਕਰਦੇ ਹਨ। ਨਟ-ਨਟੀਆਂ ਵੀ ਮੰਚ ਉੱਤੇ ਮੌਜੂਦ ਹਨ ਪਰ ਉਹ ਨਾਟਕ ਸ਼ੁਰੂ ਕਰਨ ਦੀ ਤਿਆਰੀ ਵਿੱਚ ਮੂਕ ਰੂਪ ਵਿੱਚ ਜੁੱਟੀਆਂ ਹੋਈਆਂ ਨਿਰਦੇਸ਼ਿਤ ਹਨ।

*{ਮੰਚ ਉੱਤੇ ਸੂਤਰਧਾਰ ਅਤੇ ਨਟ-ਨਟੀਆਂ ਨਾਟਕ ਦੀ ਤਿਆਰੀ ਵਿੱਚ ਰੁੱਝੇ ਹੋਏ ਹਨ। ਪਿੱਠ-ਭੂਮੀ 'ਚੋਂ ਬੋਲ ਉੱਭਰਦੇ ਹਨ}*

*ਕਥਾ ਵਾਰਤਾ: ਇਕ ਹੈ ਲੋਕੋ*

*ਕਥਾ ਕਥਾ ਵਿਚ ਫੇਰ*

*ਕਥਾ' ਚ ਨ੍ਹੇਰੇ, ਸ਼ਾਮ, ਦੁਪਹਿਰੇ*

*ਕਥਾ ਦੇ ਵਿਚ ਸਵੇਰ*

*ਕਥਾ ਕਥਾ ਵਿਚ ਫੇਰ...*

*ਕਥਾ 'ਚ ਆਵਣ, ਕਥਾ 'ਚ ਜਾਵਣ*

*ਨਾ ਛੇਤੀ ਨਾ ਦੇਰ*

*ਕਥਾ 'ਚ ਤੈਰਨ, ਕਥਾ 'ਚ ਡੁੱਬਣ*

*ਕਥਾ 'ਚ ਘੁੰਮਣਘੇਰ ...*

*ਕਥਾ ਕਥਾ ਵਿਚ ਫੇਰ*[9]

**ਪਰਾਭੌਤਿਕ ਪ੍ਰਤੀਕ ਜੁਗਤ:**

ਸਵਰਾਜਬੀਰ ਦਾ ਨਾਟਕ ਅਗਨੀ ਕੁੰਡ' ਆਪਣੇ ਜੁਗਤ ਸੰਸਾਰ ਪੱਖੋਂ ਦੂਜੇ ਨਾਟਕਾਂ ਨਾਲੋਂ ਕਾਫੀ ਵੱਖਰਾ ਹੈ। ਇਸ ਵਿੱਚ ਪੰਛੀ ਮਨੁੱਖ ਦੀ ਪਰਾਭੌਤਿਕੀ ਪ੍ਰਤੀਕ ਜੁਗਤ ਜੋ ਕਾਲਰਿਜ ਦੀ ਕਵਿਤਾ ਏਨਸ਼ੀਐਂਟ ਮੈਰੀਕਰ ਦੇ ਪੰਖੀ ਐਲਬਟੋਰ ਅਤੇ ਰਮਾਇਣ ਦੇ ਜਟਾਊ ਨਾਲੋਂ ਉਲਟ ਨਾਂਹਪੱਖੀ ਕਿਰਦਾਰ ਹੈ। ਪੰਛੀ ਮਨੁੱਖ ਦੇ ਕਿਰਦਾਰ ਦਾ ਨਾਟਕ ਵਿੱਚ ਤਿੰਨ ਵਾਰ ਆਗਮਨ ਹੁੰਦਾ ਹੈ। ਪਹਿਲੇ ਪ੍ਰਵੇਸ਼ ਦੌਰਾਨ ਉਸਦਾ ਤਕਰਾਰ ਰਾਜਾ ਪਰੀਕ੍ਸ਼ਿਤ ਨਾਲ ਹੁੰਦਾ ਹੈ। ਦੂਜੀ ਵਾਰ ਉਹ ਰਾਜ ਕੁਮਾਰੀ ਨਿਮਲ ਦੇਵੀ ਨਾਲ ਉਸਦੇ ਤ੍ਰਾਸਦਿਕ ਭਵਿੱਖ ਬਾਰੇ ਬਹਿਸ ਕਰਦਾ ਹੈ। ਤੀਜੀ ਵਾਰ ਜਦੋਂ ਰਾਜਾ ਜਨਮੇਜਯ ਨਾਗ ਵਡੇਰਾ ਵਾਸੁਕੀ ਵਿਰੁੱਧ ਯੁੱਧ ਦਾ ਐਲਾਨ ਕਰਦਾ ਹੈ ਤਾਂ ਯੁੱਧ ਵਿੱਚ ਜਾਣ ਵਾਲੇ ਨਾਇਕਾਂ ਦੀਆਂ ਪਰਿਵਾਰਕ ਇਸਤਰੀਆਂ ਨਾਲ ਉਸਦਾ ਵਾਹ- ਵਾਸਤਾ ਪੈਂਦਾ ਹੈ। ਇਸਤਰੀਆਂ ਉਸਦੇ ਕਿਰਦਾਰ, ਮਨਸ਼ਾ ਅਤੇ ਹੋਂਦ ਨੂੰ ਦੁਰਕਾਰਦੀਆਂ ਹਨ। ਇਹ ਪੰਛੀ ਮਨੁੱਖ ਬਰਬਾਦੀ, ਤਬਾਹੀ, ਯੁੱਧ, ਮੌਤ, ਰੱਤ, ਕਤਲ ਦਾ ਪ੍ਰਤੀਕ ਹੈ ਜਿਵੇਂ ਕਾਲ ਅਤੇ ਹੋਣੀ ਵਿਨਾਸ਼ ਦੀਆਂ ਪ੍ਰਤੀਕ ਹਨ। ਇਹ ਨਾਗ ਵੀਰ ਯੋਧਿਆਂ ਨੂੰ ਬਰਬਾਦੀ ਦੇ ਤਾਂਡਵ ਲਈ ਉਕਸਾਉਂਦਾ ਹੈ।

***ਪੰਛੀ ਮਨੁੱਖ:*** *ਵੇਖੋ ਮੁੜ ਮੈਂ ਆ ਗਿਆ, ਇਹ ਪੱਕੀ ਮੇਰੀ ਥਾਂ*

*ਮੈਂ ਧੁੱਪ ਲੋਚਦਾ ਵੈਰ ਦੀ,ਮਿੱਝ ਚਰਬੀ ਦੀ ਛਾਂ*

*ਇਹ ਸ਼ਾਨ ਮੇਰੀ ਅਨੋਖੜੀ ਤੇ ਉੱਚਾ ਮੇਰਾ ਨਾਂ*

*ਮਾਵਾਂ ਤੇ ਭੈਣਾਂ:ਏਥੇ ਬਹਿ ਨਾ ਰੱਤ ਰੰਗਿਆਂ,ਤੇਰੀ ਸਾਨੂੰ ਨਾ ਲੋੜ*

*ਤੈਨੂੰ ਵੇਖ ਪੈਂਵਦੇ ਵੈਣ ਨੇ,ਜੀਆਂ ਦੀ ਹੋਵੇ ਥੋੜ੍ਹ।*[10]

**ਇਤਿਹਾਸ ਦੇ ਮਾਨਵੀਕਰਨ ਦੀ ਜੁਗਤ:**

ਨਾਟਕ ਮੇਦਨੀ ਵਿੱਚ ਜਿਵੇਂ ਨਾਟਕਕਾਰ ਨੇ ਪਿੱਪਲ ਦੇ ਰੁੱਖ ਕੋਲੋਂ ਕੁਝ ਬੋਲ ਬੁਲਵਾਏ ਸਨ ਅਤੇ ਪ੍ਰਾਕਿਰਤਕ ਵਸਤੂ ਦਾ ਮਾਨਵੀਕਰਨ ਕੀਤਾ ਸੀ। ਇਕ ਬਜ਼ੁਰਗ ਪ੍ਰਤੀਕ ਰੂਪ ਵਿੱਚ ਪਿੱਪਲ ਦੀ ਭੂਮਿਕਾ ਨਿਭਾਉਂਦਾ ਹੈ ਇਸੇ ਤਰ੍ਹਾਂ ਨਾਟਕ 'ਅਗਨੀ ਕੁੰਡ' ਵਿੱਚ ਵੀ ਇਹ ਜੁਗਤ ਵਰਤੀ ਗਈ ਹੈ, ਇਕ ਪੰਛੀ ਮਨੁੱਖ (ਇੱਲ) ਨੂੰ ਸੰਵਾਦ ਕਰਦਿਆਂ ਵਿਖਾਇਆ ਹੈ। ਮੌਤ, ਬਰਬਾਦੀ ਅਤੇ ਵਿਨਾਸ਼ ਦੀ ਭਵਿੱਖਬਾਣੀ ਕੀਤੀ ਹੈ। ਦੂਸਰਾ ਬੁੱਢਾ ਪਾਤਰ ਰਾਹੀਂ ਇਤਿਹਾਸ ਦਾ ਮਾਨਵੀਕਰਨ ਕੀਤਾ ਹੈ। ਉਹ ਆਪਣੇ ਆਪ ਨੂੰ ਦੁਨੀਆਂ ਦਾ ਸਭ ਤੋਂ ਬੁੱਢਾ ਪੁਰਸ਼ ਦਸਦਾ ਹੈ। ਇਸ ਸੰਵਾਦ ਵਿੱਚ ਇਤਿਹਾਸ (ਪਰੰਪਰਾ, ਪੁਰਾਤਨਤਾ ,ਪ੍ਰਾਚੀਨਤਾ) ਆਪਣੇ ਵਿਸ਼ੇਸ਼ ਮਹੱਤਵ ਨੂੰ ਲੈ ਕੇ ਪ੍ਰਵੇਸ਼ ਕਰਦਾ ਹੈ। ਸੂਤਰਧਾਰ ਨਾਲ ਵਿਰੋਧਾਭਾਸੀ ਸੰਵਾਦ ਇਸਨੂੰ ਨਵੀਨਤਾ ਲਈ ਬੇਲੋੜਾ ਅਤ ਬੇਅਰਥ ਕਹਿ ਕੇ ਵੱਡੀ ਰੁਕਾਵਟ ਦਰਸਾਉਂਦਾ ਹੈ। ਪਰ ਇਤਿਹਾਸ ਹਰ ਵਰਤਮਾਨ ਸਮਾਜ ਅਤੇ ਹਰ ਕਥਾ ਵਿੱਚ ਆਪਣੀ ਮਹੱਤਵਪੂਰਨ ਮੌਜੂਦਗੀ 'ਤੇ ਅੜਿਆ ਰਹਿੰਦਾ ਹੈ।

***ਬੁੱਢਾ:*** *ਗਲਤ ਫਹਿਮੀ... ਗਲਤ ਫਹਿਮੀ 'ਚ ਏ ਤੂੰ...! ਮੈਂ ਹਰ ਥਾਂ ਮੌਜੂਦ ਰਹਿੰਦਾ ... ਪ੍ਰੇਮੀਆਂ ਦੇ ਪ੍ਰੇਮ ਤੇ ਯੋਧਿਆਂ ਦੇ ਜੋਸ਼ ਵਿੱਚ ... ਹਰ ਰਿਸ਼ਤੇ ਦੇ ਪ੍ਰਪੰਚ ਤੇ ਹਰ ਲਾਲਸਾ ਦੀ ਸੱਤਾ ਵਿੱਚ...! ਤੇ ਤੂੰ... ਤੂੰ ਵੀ ਤਾਂ ਮੇਰਾ ਹਿੱਸਾ ਈ ਏ!*[11]

ਇਤਿਹਾਸ ਦੇ ਸੰਵਾਦ ਵਿੱਚ ਰਚਨਾ ਅਤੇ ਇਤਿਹਾਸ ਬਾਰੇ ਦਾਰਸ਼ਨਿਕ ਚਰਚਾ ਹੈ। ਇਤਿਹਾਸ ਦੱਸਦਾ ਹੈ ਕਿ ਨਾਟਕ ਜ਼ਿੰਦਗੀ ਦੀ ਹੀ ਅਸਲੀਅਤ ਹੈ।

***ਬੁੱਢਾ:*** *ਉਏ ਮੂਰਖਾ, ਤੈਨੂੰ ਨਾਟਕ ਕਰ ਕਰ ਕੇ ਵੀ, ਇਸ ਭੇਤ ਦਾ ਪਤਾ ਨਹੀਂ ਲੱਗਾ ... ਉਏ ਜਿਥੇ ਬੰਦਿਆਂ ਦੇ ਜੀਣ- ਥੀਣ ਦੀ ਗੱਲ ਹੋਵੇ, ਉਥੇ ਮੇਰਾ ਹੋਣਾ ਲਾਜ਼ਮੀ ਹੈ।*[12]

ਉਹ ਆਪਣੀ ਮਹੱਤਤਾ ਨੂੰ ਦਰਸਾਉਂਦਾ ਕਹਿੰਦਾ ਹੈ-

***ਬੁੱਢਾ:*** *ਤੂੰ ਵੇਖੇਂਗਾ... ਹਾਂ ਤੂੰ ਖੁਦ ਵੇਖੇਂਗਾ... ਤੇਰੇ ਖਾਤਰ ਆਪਣੇ ਆਪ ਮੇਰੀ ਝੋਲੀ ਵਿਚ ਡਿੱਗਣਗੇ...ਮੇਰੀ ਝੋਲੀ ਦੇ ਉਸ ਅਗਨੀ ਕੁੰਡ ਵਿਚ ਜਿਸ ਵਿਚ ਹਰ ਮਨੁੱਖ ਨੂੰ ਡਿੱਗਣਾ ਪੈਂਦਾ...ਏ।*[13]

**ਹੋਣੀ ਦੀ ਜੁਗਤ:**

ਸਾਂਖ ਦਰਸ਼ਨ ਦੇ ਅਨੁਸਾਰ ਹੋਣੀ ਦਾ ਸੰਬੰਧ ਪ੍ਰਕਿਰਤੀ ਦੇ ਰਜਸ ਗੁਣ ਦੀ ਕਿਰਿਆਸ਼ੀਲਤਾ ਨਾਲ ਹੈ ਇਹ ਕਿਰਿਆਸ਼ੀਲਤਾ ਮਨੁੱਖ ਦੀ ਹੋਂਦ ਦੇ ਬੁਨਿਆਦੀ ਅਤੇ ਭੌਤਿਕ ਤੱਤਾਂ ਦੇ ਵਿੱਚ ਹੀ ਸਮੋਈ ਹੁੰਦੀ ਹੈ। ਇਹ ਹੋਣੀ ਇੰਨੀ ਬਲਵਾਨ ਹੁੰਦੀ ਹੈ ਕਿ ਇਸ ਨੂੰ ਕਿਸੇ ਤਰਕ ਵਿਚਾਰ ਨਾਲ ਟਾਲਿਆ ਨਹੀਂ ਜਾ ਸਕਦਾ। ਨਾਟਕ ਅਗਨੀ ਕੁੰਡ ਵਿੱਚ ਪੰਛੀ ਮਨੁੱਖ ਦਾ ਕਿਰਦਾਰ ਹੋਣੀ ਦੀ ਅਟੱਲਤਾ ਦਾ ਕਾਸਦ ਹੈ। ਉਹ ਮਨੱਖ ਦੀ ਅਸਤਿਤਵਵਾਦੀ ਹੋਣੀ ਦੀ ਤਰਜਮਾਨੀ ਕਰਦਾ ਹੈ। ਇਹ ਹੋਣੀ ਲਹੂ ਤੇ ਮਿੱਝ ਵਾਲੇ ਜਿਉਂਦੇ ਜਾਗਦੇ ਮਨੁੱਖ ਦੇ ਕਰਮਾਂ ਤੇ ਨਿਰਭਰ ਕਰਦੀ ਹੈ। ਸਮਰਾਟ ਪਰੀਕਸ਼ਿਤ ਦੀ ਮਨੁੱਖੀ ਸਥਿਤੀ ਦਾ ਦੁਖਾਂਤ ਵੀ ਇਹ ਹੀ ਹੈ ਕਿ ਉਹ ਇਸ ਹੋਣੀ ਨੂੰ ਆਪਣੇ ਤਰਕ ਨਾਲ ਰੱਦ ਕਰਨਾ ਚਾਹੁੰਦਾ ਹੈ ਅਤੇ ਇਸ ਨੂੰ ਉਲੰਘ ਕੇ ਇਸ ਤੋਂ ਪਾਰ ਜਾਣਾ ਚਾਹੁੰਦਾ ਹੈ। ਉਹ ਜ਼ੁਲਮ ਨਾਲ ਭਰੇ ਆਪਣੇ ਅਤੀਤ ਦੇ ਭਿਆਨਕ ਇਤਿਹਾਸ ਨੂੰ ਸਮੇਂ ਦੀ ਖੁਦਗਰਜ਼ ਲੋੜ ਅਨੁਸਾਰ ਸ਼ਾਂਤੀ ਅਤੇ ਸਾਂਝੀਵਾਲਤਾ ਹੇਠ ਦੱਬਣਾ ਚਾਹੁੰਦਾ ਹੈ। ਹੋਣੀ ਦੀ ਤਾਕਤ ਤੋਂ ਇਨਕਾਰੀ ਹੋ ਕੇ ਜਿੰਦਗੀ ਨੂੰ ਵਿਸ਼ੇਸ਼ ਮੰਤਵ ਹਿੱਤ ਸਿੱਧ-ਪਧੱਰੀ ਕਰਨ ਦੀ ਕੋਸ਼ਿਸ਼ ਉਸਦੀ ਮੌਤ ਦਾ ਕਾਰਨ ਬਣਦੀ ਹੈ। ਦੁਵਿਧਾਗ੍ਰਸਤ ਸਥਿਤੀਆਂ ਵਿੱਚ ਘਿਰੀ ਨਿਮਲ ਦੇਈ ਵੀ ਆਪਣੇ ਫੈਸਲੇ ਅਤੇ ਕਰਮਾਂ ਕਾਰਨ ਸਮਰਾਟ ਪਰੀਕਸ਼ਿਤ ਵਾਂਗ ਹੋਣੀ ਦੀ ਸ਼ਕਤੀ ਹਥੋਂ ਦੁਖਾਂਤ ਭੋਗਦੀ ਨਜ਼ਰ ਆਉਂਦੀ ਹੈ। ਹੋਣੀ ਦਾ ਪ੍ਰਤੀਕ ਪੰਛੀ ਮਨੁੱਖ ਤ੍ਰਾਸਦੀ ਵਾਪਰਣ ਦਾ ਸੰਕੇਤ ਦਿੰਦਾ ਹੈ ਜੋ ਅਟੱਲ ਹੈ।

***ਪੰਛੀ-ਮਨੁੱਖ:*** *ਪੰਛੀ ਰਾਜਾ ਗਗਨ ਦਾ, ਹੋ ਰਿਹਾ ਹੈਰਾਨ*
*ਕਿਹੜੇ ਰਾਹੀਂ ਤੁਰ ਪਈ, ਨਾਰੀ ਤੂੰ ਨਾਦਾਨ*
*ਛਪ ਛਪ ਵਗਦੀ ਰੱਤ ਹੈ, ਮਿੱਝ ਦੇ ਬਣੇ ਮਕਾਨ*
*ਏਨੀ ਰਾਹੀਂ ਮੈਂ ਉੱਡਦਾ, ਗੂੰਜੇ ਮੌਤ ਦੀ ਤਾਨ*
*ਨਿਮਲ ਹੋਣੀ ਦੀ ਤਾਕਤ ਨੂੰ ਆਪਣੇ ਤਰਕ ਨਾਲ ਰੱਦ ਕਰਦੀ ਹੈ।*
***ਨਿਮਲ:*** *ਛੱਡ ਦੇਸ, ਚੱਲੀ ਪਰਦੇਸ ਵੇ, ਹੁਣ ਡੇਰਾ ਉਥੇ ਲਾਵਾਂ*
*ਰੱਤ ਭਿੱਜੀ ਚਾਦਰ ਵੈਰ ਦੀ, ਮੈਂ ਧੋ ਧੋ ਦਾਗ਼ ਮਿਟਾਵਾਂ*
*ਫੁੱਲ ਖਿੜਸਣ ਚਾਰ ਚੁਫੇਰ ਹੁਣ,ਹੱਸ ਹੱਸ ਬਾਗ਼ ਸਜਾਵਾਂ*
*ਤੇਰੇ ਵਰਗੇ ਕਾਸਦ ਮੌਤ ਦੇ, ਤਾੜੀ ਮਾਰ ਉਡਾਵਾਂ*
***ਪੰਛੀ - ਮਨੁੱਖ:*** *ਤੇਰੇ ਨਾਲ ਨ ਚੰਗੀ ਹੋਵਣੀ, ਪੁੱਛਣੀ ਕਿਸੇ ਨਾ ਬਾਤ*
*ਦੋਪਹਿਰੇ ਸੂਰਜ ਅਸਤਣਾ, ਦਿਨ ਵੇਲੇ ਹੋਣੀ ਰਾਤ।* [14]

**ਸੂਤਰਧਾਰ:**

ਸੰਸਕ੍ਰਿਤ ਨਾਟਕ ਜਾਂ ਨਾਟਯ ਸ਼ਾਸਤਰ ਦੀ ਪ੍ਰੰਪਰਾ ਦਾ ਸੂਤਰਧਾਰ ਇਕ ਤਰ੍ਹਾਂ ਦਾ ਨਿਰਦੇਸ਼ਕ, ਨਿਰਮਾਤਾ ਅਤੇ ਸੰਚਾਲਕ ਹੁੰਦਾ ਸੀ। ਇਹ ਨਾਟਕ ਦੀ ਕਥਾ ਬਾਰੇ ਸਰੋਤਿਆਂ ਨੂੰ ਜਾਣਕਾਰੀ ਦੇਣ, ਨਾਟਕ ਵਿੱਚ ਸਮੇਂ- ਸਮੇਂ ਆ ਕੇ ਭਵਿੱਖ ਵਿੱਚ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਅਤੇ ਘਟਨਾਵਾਂ ਬਾਰੇ ਜਾਣਕਾਰੀ ਦੇਣ ਦੀ ਭੂਮਿਕਾ ਅਦਾ ਕਰਦਾ। ਡਾ. ਚੰਦਰ ਪ੍ਰਕਾਸ਼ ਅਨੁਸਾਰ:

*"ਨਾਟਯ ਸ਼ਾਸਤਰ ਗ੍ਰੰਥ ਦੇ ਅਧਿਆਇ 'ਪੂਰਵ ਰੰਗ ਵਿਧਾਨ' ਵਿਚ ਸੂਤਰਧਾਰ ਸੰਬੰਧੀ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ ਹੈ। ਇਸ ਗ੍ਰੰਥ ਅਨੁਸਾਰ ਸਾਜਿੰਦਿਆਂ ਦੇ ਸਾਜ ਇਕਸੁਰ ਕਰਨਾ, ਪਾਣੀ ਦਾ ਛਿੱਟਾ ਦੇਣਾ, ਨਾਟਕ ਬਾਰੇ ਜਾਣਕਾਰੀ ਦੇਣੀ, ਅਦਾਕਾਰੀ ਕਰਨੀ, ਆਦਿ ਅਨੇਕਾਂ ਭੂਮਿਕਾਵਾਂ ਨਿਭਾਉਣ ਵਾਲਾ ਅਜਿਹਾ ਕਿਰਦਾਰ ਸੀ ਜਿਸਨੂੰ ਪ੍ਰਬੰਧਕ, ਨਿਰਦੇਸ਼ਕ, ਸੰਚਾਲਕ ਦੀ ਸੰਗਿਆ ਦਿੱਤੀ ਜਾ ਸਕਦੀ ਹੈ।"* [15]

ਸਵਰਾਜਬੀਰ ਨੇ ਵੀ ਇਸ ਵਿਧੀ ਦਾ ਪ੍ਰਯੋਗ ਵਿਭਿੰਨ ਮੰਤਵਾਂ ਦੀ ਪੂਰਤੀ ਲਈ ਕੀਤਾ ਹੈ। ਨਾਟਕੀ ਘਟਨਾ ਬਾਰੇ ਜਾਣੂ ਕਰਾਉਣ, ਪਾਤਰਾਂ ਦੀ ਜਾਣਕਾਰੀ ਦੇਣ, ਵਿਅੰਗਾਤਮਕ ਟਿੱਪਣੀਆਂ ਦੇਣ, ਨਾਟਕ ਨੂੰ ਸ਼ੁਰੂ ਕਰਾਉਣ ਆਦਿ ਅਨੇਕਾਂ ਕਾਰਜਾਂ ਲਈ ਸੂਤਰਧਾਰ ਦਾ ਪ੍ਰਯੋਗ ਹੋਇਆ ਹੈ। ਨਾਟਕ ਅਗਨੀ ਕੁੰਡ ਦੇ ਸਮੇਤ ਬਾਕੀ ਨਾਟਕਾਂ ਦਾ ਆਰੰਭ ਵੀ ਇਸੇ ਵਿਧੀ ਰਾਹੀਂ ਹੀ ਹੁੰਦਾ ਹੈ। ਕਥਾ ਸਣਾਉਣੀ ਔਖੀ ਲੋਕੋ (ਧਰਮ ਗੁਰੂ), ਦੱਸੂ ਕੌਣ ਕਹਾਣੀ ਮਿੱਤਰਾ (ਕ੍ਰਿਸ਼ਨ), ਬ੍ਰਹਮਾਂ ਦੀ ਪੁੱਤਰੀ ਵਾਣੀ ਗੰਗਾ ਤੋਂ ਉਤਰੀ (ਸ਼ਾਇਰੀ), ਇਕ ਇਸ ਧਰਤ ਦੀ ਧੀ ਗੁਆਚੀ (ਮੇਦਨੀ), ਮਿੱਟੀ 'ਚ ਕੱਲਰ ਕੱਲਰਾਂ 'ਚ ਮਿੱਟੀ (ਕੱਲਰ), ਵੇਖ ਵੇ ਲੋਕਾ ਵੇਖ ਵੇ ਲੋਕਾ(ਮੱਸਿਆ ਦੀ ਰਾਤ), ਸੂਤਰਧਾਰ ਦੀ ਸ਼ਮੂਲੀਅਤ ਨਾਲ ਹੀ ਸ਼ੁਰੂ ਹੁੰਦੇ ਹਨ। ਨਾਟਕ ਅਗਨੀ ਕੁੰਡ ਵਿੱਚ ਨਾਟ ਆਰੰਭ ਭਾਗ ਵਿੱਚ ਨਵੀਂ ਕਥਾ ਦਾ ਹੋਕਾ ਦੇਣ ਤੋਂ ਬਾਅਦ ਸੂਤਰਧਾਰ ਦਾ ਪ੍ਰਵੇਸ਼ ਹੁੰਦਾ ਹੈ। ਇਹ ਸੂਤਰਧਾਰ ਨਾਟਕ ਦੀ ਕਥਾ ਵਸਤੂ ਦੀ ਮਹੱਤਤਾ, ਉਦੇਸ਼ ਅਤੇ ਪਾਤਰਾਂ ਬਾਰੇ ਲੰਬਾ ਵਰਣਨ ਦਿੰਦਾ।

***ਸੂਤਰਧਾਰ:*** *ਕਥਾ ਕਥਾ ਵਿਚ ਫੇਰ...? ਹਰ ਕਥਾ ਨੇ ਕੋਈ ਗੱਲ ਕਰਨੀ ਹੁੰਦੀ ਏ...ਨਵੀਂ ਗੱਲ... ਨਵੇਂ ਲੋਕਾਂ ਦੀ,ਪੁਰਾਣੇ ਲੋਕਾਂ ਦੀ......* [16]

ਪੁਰਾਤਨ ਭਾਰਤੀ ਨਾਟਕ ਖ਼ਾਸ ਕਰਕੇ ਸੰਸਕ੍ਰਿਤ ਨਾਟਕ ਅਤੇ ਲੋਕ ਨਾਟਕ ਵਿੱਚ ਸੂਤਰਧਾਰ ਪਾਤਰ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਨਾਟਕ ਵਿਚ ਸੂਤਰਧਾਰ ਕੁਲ ਪਾਤਰਾਂ ਦਾ ਮੁਖੀਆ ਜਾਂ ਉਸੱਰੀਆ ਵਜੋਂ ਸਥਾਨ ਰੱਖਦਾ ਹੈ ਜੋ ਨਾਟਕ ਦੀ ਨਿਰੰਤਰਤਾ ਨੂੰ ਆਪਣੇ ਨਿਯੰਤਰਣ ਵਿਚ ਰੱਖਦਾ ਹੈ। ਡਾ. ਗੁਰਪ੍ਰੀਤ ਕੌਰ ਅਨੁਸਾਰ:

*"ਪਰ ਆਧੁਨਿਕ ਧਾਰਨਾ ਅਨੁਸਾਰ 'ਸੂਤਰਧਾਰ' ਨਾਟਕ ਦਾ ਸੰਚਾਲਕ ਹੁੰਦਾ ਹੈ ਜੋ ਇੱਕਲਾ ਜਾਂ ਨਾਟ ਤੇ ਨਟੀਆਂ ਨਾਲ ਮਿਲਕੇ ਨਾਟਕ ਦੇ ਵਿਸ਼ੇ ਦੀ ਵਿਆਖਿਆ ਕਰਦਾ ਹੈ। ਪਾਤਰਾਂ ਨਾਲ ਜਾਣ-ਪਛਾਣ ਕਰਾਉਂਦਾ ਹੈ। ਕਹਾਣੀ ਦੀਆਂ ਤੰਦਾਂ ਨੂੰ ਸਾਂਭਦਾ ਹੈ। ਕਹਾਣੀ ਵੱਟਣ ਨਹੀਂ ਦਿੰਦਾ। ਉਹ ਇਹ ਵੀ ਦੱਸਦਾ ਹੈ ਕਿ ਅੱਜ ਉਹਨਾਂ ਨੂੰ ਕਿਹੜਾ ਨਾਟਕ ਪੇਸ਼ ਕਰਨ ਦਾ ਹੁਕਮ ਹੋਇਆ ਹੈ।"*[17]

ਇਸੇ ਧਾਰਨਾ ਅਧੀਨ ਨਾਟਕ ਅਗਨੀ ਕੁੰਡ ਵਿੱਚ ਸੂਤਰਧਾਰ ਇਤਿਹਾਸ ਰੂਪੀ ਬੱਢਾ ਪਾਤਰ ਦੇ ਵਿਘਣ ਨੂੰ ਪਾਸੇ ਕਰਦਿਆਂ ਨਟ-ਨਟੀਆਂ ਨੂੰ ਨਾਟਕ ਆਰੰਭ ਕਰਨ ਦਾ ਅਦੇਸ਼ ਦਿੰਦਾ ਹੈ। ਕਥਾ ਦੀ ਤੰਦ ਪਾਉਂਦਾ ਹੋਇਆ ਨਾਟਕ ਦੇ ਮੂਲ ਪਾਤਰ ਦੇ ਨਾਮ ਦੀ ਘੋਸ਼ਣਾ ਨਾਲ ਪਹਿਲਾ ਦ੍ਰਿਸ਼ ਪੇਸ਼ ਕਰਾਉਂਦਾ ਹੈ।

***ਸੂਤਰਧਾਰ:*** *ਹਾਂ ਬਈ ਤਿਆਰ ਹੋ ਜਾਉ...ਅਸੀਂ ਏਥੇ ਕਹਾਣੀ ਸੁਣਾਉਣ ਲੱਗੇ ਆਂ ਕਹਾਣੀ ਅਨੂਪਮ ਸੁੰਦਰੀ ਦੀ!.. ਨਾਗ ਕੰਨਿਆ ਨਿਮਲ ਦੀ!*[18]

ਸੂਤਰਧਾਰ ਨਾਟਕਕਾਰ ਦਾ ਆਪਾ ਹੁੰਦਾ ਹੈ ਜੋ ਨਾਟਕਕਾਰ ਦੇ ਮਾਨਸਿਕ ਸੰਸਾਰ ਨੂੰ ਵਿਅਕਤ ਕਰਦਾ ਹੈ। ਨਾਟਕ ਵਿਚਲੇ ਵਿਸ਼ੇ ਅਤੇ ਨਾਟਕਕਾਰ ਦੀ ਵਿਚਾਰਧਾਰਾ ਨੂੰ ਸੂਤਰਬੱਧ ਢੰਗ ਨਾਲ ਪਾਠਕਾਂ/ ਦਰਸ਼ਕਾਂ ਤੱਕ ਪਹੁੰਚਾਉਂਦਾ ਹੈ। ਨਾਟਕ ਵਿੱਚਲੀਆਂ ਕਮੀਆਂ ਪੇਸ਼ੀਆਂ ਦੀ ਜ਼ਿੰਮੇਵਾਰੀ ਲੈਂਦਾ ਅਗਨੀ ਕੁੰਡ ਨਾਟਕ ਦੇ ਆਰੰਭ ਵਿਚ ਸੂਤਰਧਾਰ ਦੇ ਜ਼ਰੀਏ ਨਾਟਕਕਾਰ ਨੇ ਨਾਟਕ ਨੂੰ ਲਿਖਣ ਤੇ ਮੰਚਿਤ ਕਰਨ ਦਾ ਉਦੇਸ਼ ਅਤੇ ਉਦੇਸ਼ ਦੀ ਪੂਰਤੀ ਪ੍ਰਤੀ ਸੰਤੁਸ਼ਟੀ, ਊਣਤਾਈਆਂ, ਤਰੁੱਟੀਆਂ ਸੰਬੰਧੀ ਮਾਨਸਿਕ ਦਵੰਦ ਪੇਸ਼ ਕੀਤਾ ਹੈ। ਕਥਾ ਵਿੱਚੋਂ ਇਤਿਹਾਸ ਵਰਗੇ ਕੁਝ ਤੱਤਾਂ ਦੀ ਸ਼ਮੂਲੀਅਤ ਨੂੰ ਮਨਫ਼ੀ ਰੱਖਣ ਦੀ ਭਾਵੇਂ ਮਨਸ਼ਾ ਦਰਸਾਈ ਹੈ ਪਰ ਬੇਵਸੀ ਵੀ ਹੋ ਸਕਦੀ ਹੈ।

**ਨਟ ਅਤੇ ਨਟੀਆਂ**:

ਨਾਟਕ ਵਿੱਚ ਨਟ ਅਤੇ ਨਟੀਆਂ ਦੀ ਜੁਗਤ ਨਾਟਕ ਦੀ ਵਿਧਾਗਤ ਸ਼ੈਲੀ ਨੂੰ ਲੋਕ ਨਾਟ ਪ੍ਰੰਪਰਾ ਨਾਲ ਜੋੜਦੀ ਹੋਈ ਰਚਨਾ ਅਮੀਰ ਬਣਾਉਂਦੀ ਹੈ। ਇਹ ਵਿਸ਼ੇਸ਼ ਪਾਤਰ ਸਰੋਤਿਆਂ ਨੂੰ ਨਾਟਕ ਬਾਰੇ ਜਾਣਕਾਰੀ ਦਿੰਦੇ ਹਨ ਅਤੇ ਆਪਣੀ ਕਲਾਤਮਕ ਭੂਮਿਕਾ ਨਾਲ ਘਟਨਾਵਾਂ ਵਿੱਚ ਰੌਚਿਕਤਾ ਭਰਦੇ ਹਨ। ਨ੍ਰਿਤਕ ਮੁਦਰਾ ਵਿੱਚ ਸੰਵਾਦ ਰਚਾਉਣ ਕਾਰਨ ਨਟ-ਨਟੀਆਂ ਨਾਟਕ ਨੂੰ ਸੰਗੀਤਕ ਮਾਹੌਲ ਪ੍ਰਦਾਨ ਕਰਦੇ ਹਨ। ਆਦਿ ਰੰਗਚਾਰੀਆਂ ਅਤੇ ਨਾਟ ਵਿਸ਼ੇਸ਼ਗਾਂ ਅਨੁਸਾਰ ਇਹ ਇਕ ਤਰ੍ਹਾਂ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਨ ਦਾ ਸਾਧਨ ਸੀ। ਉਨ੍ਹੀਵੀਂ ਸਦੀ ਤੋਂ ਪਹਿਲਾਂ ਸਾਰੀਆਂ ਆਧੁਨਿਕ ਭਾਰਤੀ ਭਾਸ਼ਾਵਾਂ ਵਿੱਚ ਨਾਟਕ ਕਵਿਤਾ ਵਿੱਚ ਹੀ ਲਿਖਿਆ ਜਾਂਦਾ ਸੀ। ਕਿਉਂਕਿ 'ਚਾਰਣ' ਲੋਕ ਨਾਟਕ ਨੂੰ ਗਾ ਕੇ ਪੇਸ਼ ਕਰਦੇ ਸਨ। ਇਹ ਪ੍ਰੰਪਰਾਗਤ ਕਹਾਣੀਆਂ ਉਚਾਰਦੇ ਸਨ। ਰਾਜੇ ਇਹਨਾਂ ਦੇ ਸਰਪ੍ਰਸਤ ਸਨ। ਚਾਰਣ' ਪੇਸ਼ਾਵਰ ਲੋਕ ਸਨ। ਇਹ ਲੋਕਾਂ ਦੀ ਭਾਸ਼ਾ ਵਿੱਚ ਲਿਖੇ ਨਾਟਕ ਪੇਸ਼ ਕਰਦੇ ਸਨ। 'ਨਟੀ ਇਹਨਾਂ ਦੀ ਹੀ ਦੇਣ ਹੈ। ਨਟੀ ਸ਼੍ਰੇਣੀ ਦੀ ਸਰਪ੍ਰਸਤੀ ਅਤੇ ਰੱਖਿਆ ਰਾਜੇ ਦੀ ਜ਼ਿੰਮੇਵਾਰੀ ਸੀ। ਜਾਤਰਾ ਮੰਚ ਦੌਰਾਨ ਔਰਤਾਂ ਦੀ ਭੂਮਿਕਾ ਨਟੀਆਂ ਨਿਭਾਉਂਦੀਆਂ ਸਨ। ਜਿਹਨਾਂ ਨੂੰ ਦੇਵਦਾਸੀਆਂ ਕਿਹਾ ਜਾਂਦਾ ਸੀ। ਸਵਰਾਜਬੀਰ ਦੇ ਨਾਟਕ ਅਗਨੀ ਕੁੰਡ ਵਿੱਚ ਨਟੀਆਂ ਦਾ ਪ੍ਰਵੇਸ਼ ਪਦ ਰੂਪ ਵਿੱਚ ਉਚਾਰਨ ਕਰਦਿਆਂ ਹੁੰਦਾ ਹੈ। ਉਹ ਨਾਟਕੀ ਕਥਾ ਵਿਚ ਘਟਨਾਵਾਂ ਦੇ ਵਾਪਰਣ ਦੀ ਸੰਭਾਵਨਾ ਵੱਲ ਸੰਕੇਤ ਕਰਦੀਆਂ ਹਨ। ਸਵਰਾਜਬੀਰ ਜਨਮੇਜਯ ਦੀ ਮਹਾਨ ਬਣਨ ਦੀ ਮਨੋਸਥਿਤੀ ਸੰਬੰਧੀ ਆਤਮ ਬਚਨੀ ਨੂੰ ਨਟੀਆਂ ਦੇ ਤਿੱਖੇ ਨਾਚ ਅਤੇ ਸੰਗੀਤਕ ਸੁਮੇਲ ਰਾਹੀਂ ਰੁਪਾਂਤ੍ਰਣ ਕੀਤਾ ਹੈ।

*ਮਹਾਨ ਤੂੰ ਮਹਾਨ ਤੂੰ... ਮਹਾਨਤਮ!*

*... ... ... ...*

*ਬਣ ਮਹਾਨ, ਬਣ ਮਹਾਨ, ਬਣ ਮਹਾਨ ਤੂੰ*

*ਪਾ ਸਨਮਾਨ, ਪਾ ਸਨਮਾਨ, ਪਾ ਸਨਮਾਨ ਤੂੰ*[19]

**ਕੋਰਸ:**

ਨਾਟਕ ਵਿਚ ਕੋਰਸ ਇਕ ਮਹੱਤਵਪੂਰਨ ਨਾਟ ਜੁਗਤ ਹੈ। ਕੋਰਸ ਕੁਝ ਲੋਕਾਂ ਦੇ ਇੱਕਠ ਦੁਆਰਾ ਇਕੋ ਸੁਰ-ਤਾਲ ਵਿਚ ਗਾਉਣਾ, ਨੱਚਣਾ, ਚਲਣਾ-ਫਿਰਣਾ, ਵਾਤਾਵਰਣ ਜਾਂ ਮਿਥੇ ਕਾਰਜਾਂ ਨੂੰ ਕਰਨ ਦੀ ਪ੍ਰਕਿਰਿਆ ਹੈ। ਨਾਟਕ ਵਿੱਚ ਕੋਰਸ ਦੀ ਵਰਤੋਂ ਬੜੀ ਅਜੀਬ ਤੇ ਅਨਾਟਕੀ ਜਾਪਦੀ। ਇਵੇਂ ਲਗਦਾ ਹੈ ਜਿਵੇਂ ਇਸ ਨਾਲ ਨਾਟਕ ਦੀ ਚਾਲ ਵਿੱਚ ਰੁਕਾਵਟ ਪੈ ਰਹੀ ਹੋਵੇ। ਪਰ ਨਾਟਕ ਵਿਚ ਆਉਂਦੇ ਇਹ ਸਰੋਦੀ ਭਾਗ ਕਾਰਜ ਵਿਚੋਂ ਪੈਦਾ ਹੋਏ ਸੂਖਮ ਭਾਵਾਂ ਅਤੇ ਜਜ਼ਬਾਤਾਂ ਨੂੰ ਤੀਖਣ ਰੂਪ ਵਿਚ ਪ੍ਰਗਟਾਉਣ ਦੀ ਭੂਮਿਕਾ ਨਿਭਾਉਂਦੇ ਹਨ। ਨੈਤਿਕ ਉਪਦੇਸ਼ ਲਈ, ਦਰਸ਼ਕਾਂ ਦੇ ਦਿਲਾਂ ਵਿੱਚ ਪਾਤਰਾਂ ਲਈ ਹਮਦਰਦੀ ਪੈਦਾ ਕਰਨਾ, ਦਰਸ਼ਕ ਦੇ ਮਨ ਵਿੱਚ ਪੈਦਾ ਹੋਏ ਅਹਿਸਾਸਾਂ ਨੂੰ ਹੋਰ ਤੀਖਣ ਕਰਨ ਲਈ, ਨਾਟਕੀ ਘਟਨਾਵਾਂ ਨੂੰ ਤਾਲਮੇਲ ਵਿੱਚ ਲਿਆਉਣ ਅਤੇ ਸੰਤੁਲਨ ਪੈਦਾ ਕਰਨ ਲਈ ਕੋਰਸ ਦੀ ਵਰਤੋਂ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਨਾਟਕ ਵਿੱਚ ਇਸ ਵਿਧੀ ਦਾ ਨਿਭਾਅ ਵਾਧੂ ਪਾਤਰਾਂ ਨੂੰ ਵਰਤ ਕੇ, ਬੇਜਾਨ ਚੀਜ਼ ਨੂੰ ਜ਼ੁਬਾਨ ਦੇ ਕੇ ਜਾਂ ਸੂਤਰਧਾਰ ਅਤੇ ਸਾਥੀ ਪਾਤਰਾਂ ਨਾਲ ਵੀ ਕੀਤਾ

ਜਾਂਦਾ ਹੈ। ਜੀ ਐਲ ਸ਼ਰਮਾ ਅਨੁਸਾਰ:

*"ਸਮੂਹਗਾਣ ਨਾਟਕੀ ਸੰਗੀਤ ਦਾ ਮਹੱਤਵਪੂਰਨ ਅੰਗ ਮੰਨਿਆ ਜਾਂਦਾ ਹੈ। ਸਮੂਹਗਾਣ ਵਿਚ ਗਾਇਕ ਜਾਂ ਗਾਇਕਾ ਨਾਲ ਨ੍ਰਿਤ ਕਰਨ ਵਾਲੇ ਸ਼ਾਮਿਲ ਕੀਤੇ ਜਾਂਦੇ ਹਨ। ਇਸਨੂੰ ਕੋਰਸ- ਮੰਡਲੀ ਵੀ ਕਿਹਾ ਜਾਂਦਾ ਹੈ।"*[20]

***ਸੂਤਰਧਾਰ ਅਤੇ ਸਾਥੀ:***

*ਰੁੱਖ ਉੱਗਿਆ ਪਾਂਡੂ ਦੇ ਵਿਹੜੇ, ਸੰਘਣੀ ਛਾਂ ਓਸਦੀ*
*ਮੂੰਹ ਪੁੱਤਰ ਦਾ ਵੇਖ ਕੇ ਜੀਵੇ, ਰੰਡੇਪਾ ਰਾਣੀ ਇਉ ਕਟਦੀ*
*ਵੱਡਾ ਹੋਇਆ ਪੁੱਤਰ ਜਨਮੇਜਯ, ਜੱਗ ਵਿਚ ਨਾਮ ਓਸ ਦਾ*[21]

**ਮਾਇਮ:**

ਮਾਇਮ ਅਜਿਹਾ ਨਾਟਕੀ ਕਾਰਜ ਹੁੰਦਾ ਹੈ ਜਿਸ ਅਨੁਸਾਰ ਪਾਤਰ ਅਭਿਨੈ ਜਾਂ ਐਕਸ਼ਨ ਤਾ ਕਰਦਾ ਹੈ ਪਰ ਮੂਹੋਂ ਅਵਾਜ਼ ਨਹੀਂ ਕਢੱਦਾ। ਇਹ ਨਾਟ- ਜੁਗਤ ਪੱਛਮੀ ਨਾਟਕ ਦੀ ਦੇਣ ਹੈ ਇਸਦੀ ਵਰਤੋਂ ਉਦੋਂ ਕੀਤੀ ਜਾਂਦੀ ਹੈ ਜਦੋਂ ਨਾਟਕਕਾਰ ਨੇ ਕਿਸੇ ਅਭਿਨੈ, ਐਕਸ਼ਨ ਜਾਂ ਵਿਚਾਰ ਨੂੰ ਦਰਸ਼ਕਾਂ ਦੇ ਮੰਨ ਵਿੱਚ ਡੂੰਘਾ ਉਤਰਨਾ ਹੋਵੇ, ਨਾਟਕ' ਅਗਨੀ ਕੁੰਡ ਵਿੱਚ ਵੀ ਇਸਦੀ ਵਰਤੋਂ ਭਰਪੂਰ ਹੋਈ ਹੈ। ਚੌਥੇ ਦ੍ਰਿਸ਼ (ਅੰਕ ਦੂਜਾ) ਵਿੱਚ ਪੁਜਾਰੀ ਨਾਗ ਮੰਤਰਾਂ ਦਾ ਉਚਾਰਨ ਕਰਦਾ ਹੈ ਅਤੇ ਬਾਹਰ ਚਲਾ ਜਾਂਦਾ ਹੈ। ਅੰਕ ਤੀਸਰਾ ਦੇ ਪਹਿਲੇ ਦ੍ਰਿਸ਼ ਵਿੱਚ ਕੁਝ ਦੂਰੀ ਤੇ ਆਮ ਲੋਕ ਖੜ੍ਹੇ ਗੱਲਾਂ ਕਰਨ ਦਾ ਅਭਿਨੈ ਕਰਦੇ ਹਨ। ਇਸੇ ਹੀ ਦ੍ਰਿਸ਼ ਦੇ ਅੰਤ ਵਿੱਚ ਜਦੋਂ ਨਿਮਲ ਰਾਜਮਹਿਲ ਪਹੁੰਚਦੀ ਹੈ ਤਾਂ ਪੰਡਤ ਮੰਤਰ ਪੜ੍ਹਦਾ ਤੇ ਅਸ਼ੀਰਵਾਦ ਦਿੰਦਾ ਹੈ। ਅੰਕ ਪੰਜਵਾਂ ਦੇ ਦ੍ਰਿਸ਼ ਪਹਿਲਾ ਵਿੱਚ ਰਾਜਮਾਤਾ ਨਿਮਲ ਨਾਗ ਪੂਜਾ ਕਰ ਰਹੀ ਹੁੰਦੀ ਹੈ। ਸਖੀਆਂ ਦੇ ਰਿਝਾਉ ਨਖਰੇ, ਮਸਕਰੀ ਇਛਾਰੇ, ਕੰਨਾਂ ਵਿੱਚ ਗੱਲਾਂ ਕਰਨੀਆਂ ਆਦਿ ਅਨੇਕਾਂ ਮੁਦਰਾਵਾਂ ਰਾਹੀਂ ਇਸ ਜੁਗਤ ਦੀ ਵਰਤੋਂ ਹੋਈ ਹੈ।

**ਮਨਬਚਨੀ:**

ਮਨਬਚਨੀ ਅਜਿਹੀ ਨਾਟ-ਜੁਗਤ ਹੈ ਜਿਸਦੀ ਵਰਤੋਂ ਰਾਹੀਂ ਨਾਟਕਕਾਰ ਪਾਤਰ ਦੀ ਵਿਸ਼ੇਸ਼ ਸਥਿਤੀ ਵਿੱਚ ਉਪਜੀ ਮਨੋਸਥਿਤੀ ਨੂੰ ਉਘਾੜਦਾ ਹੈ। ਇਕ ਨਾਟਕਕਾਰ ਮਨਬਚਨੀ ਵਿਧਾ ਦੀ ਵਰਤੋਂ ਉਦੋਂ ਕਰਦਾ ਹੈ ਜਦੋਂ ਸਧਾਰਨ ਵਾਰਤਾਲਾਪ ਰਾਹੀਂ ਉਸ ਮਨੋਸਥਿਤੀ ਨੂੰ ਉਘਾੜਿਆ ਨਾ ਜਾ ਸਕੇ। ਦਰਸ਼ਕਾਂ ਨੂੰ ਪਾਤਰ ਦੇ ਮਨ ਦੀਆਂ ਗਹਿਰਾਈਆਂ ਤੱਕ ਲਿਜਾਣ ਲਈ ਮਨਬਚਨੀ ਦੀ ਜੁਗਤ ਢੁੱਕਵੀਂ ਤੇ ਸਥਾਈ ਸਿੱਧ ਹੁੰਦੀ ਹੈ। ਗੁਰਦਿਆਲ ਸਿੰਘ ਫੁੱਲ **ਅਨੁਸਾਰ:**

*"ਮਨਬਚਨੀ ਜਾਂ ਆਤਮ ਕਥਨੀ ਵਿਚੋਂ ਪਾਤਰ ਆਪਣੇ ਆਪ ਨਾਲ ਗੱਲਾਂ ਕਰਦਾ ਹੈ ਜਾਂ ਆਪਣੇ ਦੱਬੇ ਭਾਵਾਂ ਨੂੰ ਪ੍ਰਗਟਾਉਂਦਾ ਹੈ। ਇਸ ਵਿੱਚ ਸ਼ਬਦੀ ਡੂੰਘਿਆਈ ਹੁੰਦੀ ਹੈ। ਸ਼ਬਦਾਂ ਨੂੰ ਅਲੰਕਾਰਾਂ ਦੀ ਅਨੋਖੀ ਪੁੱਠ ਦਿੱਤੀ ਹੋਈ ਹੁੰਦੀ ਹੈ।"* [22]

ਨਾਟਕ 'ਅਗਨੀ ਕੁੰਡ' ਵਿੱਚ ਦੁਵਿਧਾਗ੍ਰਸਤ ਤੇ ਸੰਤਾਪ ਭੋਗਦੇ ਪਾਤਰਾਂ ਖਾਸ ਕਰਕੇ ਨਿਮਲ, ਜਨਮੇਜਯ, ਤਕਸ਼ਕ ਦੀ ਮਨੋਸਥਿਤੀ ਤੱਕ ਦਰਸ਼ਕਾਂ/ ਪਾਠਕਾਂ ਦੀ ਪਹੁੰਚ ਕਰਨ ਲਈ ਸਵਰਾਜਬੀਰ ਨੇ ਇਸ ਜੁਗਤ ਦੀ ਵਰਤੋਂ ਕਈ ਥਾਵਾਂ ਤੇ ਕੀਤੀ ਹੈ। ਦੁਵਿਧਾ ਵਿੱਚ ਫਸੀ ਨਿਮਲ ਦੇਈ ਦੇ ਮਨ ਮਸਤਕ ਵਿੱਚ ਗਤੀਸ਼ੀਲ ਭਾਵਾਂ ਤੇ ਵਿਚਾਰਾਂ ਦੇ ਆਪਸੀ ਟਕਰਾਅ ਨੂੰ ਇਸ ਤਰ੍ਹਾਂ ਸ਼ਾਬਦਿਕ ਰੂਪ ਦਿੱਤਾ ਗਿਆ ਹੈ:

***ਨਿਮਲ:*** *(ਉਹ ਥੋੜ੍ਹਾ ਦੂਰ ਆਈ ਹੈ। ਆਤਮ ਬਚਨੀ ਕਰਦੀ ਹੋਈ) ਕੀ ਕਰਾਂ ? ਏਡਾ ਵੱਡਾ ਨਿਰਣ, ਏਨੀ ਜਲਦੀ ਕਿਵੇਂ ਲੈ ਲਵਾਂ? ਪਿਤਾ ਕੀ ਕਹਿਣਗੇ, ਮਾਂ ਕੀ ਕਹੇਗੀ, ਨਾਗਵੀਰ ਕੀ ਕਹਿਣਗੇ?... ਹਰ ਕੋਈ ਮੇਰੇ 'ਤੇ ਉਂਗਲ ਉਠਾਏਗਾ... ਕਹਿਣਗੇ, ਮੈਂ ਨਾਗ ਲੋਕਾਂ ਦੀ ਆਨ ਪਾਂਡੂ ਕੋਲ ਵੇਚ ਦਿੱਤੀ! ਨਹੀਂ, ਏਹ ਨਹੀਂ ਹੋ ਸਕਦਾ! ਮੈਂ ਆਪਣਾ ਘਰ ਬਾਰ, ਸਖੀਆਂ ਸਹੇਲੀਆਂ, ਰਿਸ਼ਤੇਦਾਰ ਕਿਵੇਂ ਛੱਡ ਸਕਦੀ ਆਂ ?...ਪਰ ਪਾਣੀ ? ਇਹ ਪਾਣੀ ਕਿਵੇਂ ਲੈ ਕੇ ਜਾਵਾਂ ... ?*[23]

**ਕਾਵਿਕ ਤੱਤ:**

ਨਾਟਕ ਵਿੱਚ ਕਾਵਿਕ ਤੱਤਾਂ ਦੀ ਵਰਤੋਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਇਕ ਵੰਨਗੀ ਉਹ ਜੋ ਨਾਟਕ ਦੇ ਲਿਖਤ ਭਾਗ ਵਿੱਚ ਹੁੰਦੀ ਹੈ ਤੇ ਦੂਜਾ ਇਸ ਕਾਵਿ ਦੀ ਵਰਤੋਂ ਪੇਸ਼ਕਾਰੀ ਸਮੇਂ ਕਰਨੀ ਪੈਂਦੀ ਹੈ। ਦੋਵਾਂ ਹੀ ਹਾਲਤਾਂ ਵਿੱਚ ਇਹਨਾਂ ਦੀ ਵਰਤੋਂ ਨਾਟਕ ਵਿਚਲੇ ਰਸ ਭਾਵ ਨੂੰ ਪ੍ਰਬਲ ਰੂਪ ਵਿੱਚ ਉਜਾਗਰ ਕਰਨ ਲਈ ਕੀਤੀ ਜਾਂਦੀ ਹੈ। ਗੀਤ ਅਤੇ ਸਮੂਹ ਗੀਤ ਨਾਟਕੀ ਸੰਗੀਤ ਦੇ ਵਿਸ਼ੈਸ਼ ਥੰਮ ਹਨ। ਨਾਟਕਕਾਰ ਇਹਨਾਂ ਗੀਤਾਂ ਦੀ ਵਰਤੋਂ ਨਾਟਕ ਵਿੱਚ ਸੋਚ ਸਮਝ ਕੇ ਕਰਦਾ ਹੈ। ਖੁਸ਼ੀ, ਗਮੀ, ਨੀਰਸਤਾ, ਵਿਸਮਾਦ ਆਦਿ ਭਾਵਾਂ ਨੂੰ ਪ੍ਰਗਟਾਉਣ ਲਈ, ਕਿਸੇ ਪਾਤਰ ਦੇ ਆਗਮਨ ਜਾਂ ਨਾਟਕ ਨਾਲ ਸੰਬੰਧਿਤ ਕਿਸੇ ਅਹਿਮ ਘਟਨਾ ਦੇ ਵਾਪਰਨ ਦੇ ਸੰਕੇਤ ਹਿੱਤ ਸੰਗੀਤਾਂ ਅਤੇ ਸੰਗੀਤ ਮੰਡਲੀਆਂ ਦਾ ਸਹਾਰਾ ਲਿਆ ਜਾਂਦਾ ਹੈ। ਇਹਨਾਂ ਰਾਹੀਂ ਕਿਸੇ ਕੌਮ, ਨਸਲ, ਕਬੀਲੇ ਦੀ ਸਭਿਅਤਾ ਦਾ ਰੁਪਾਂਤ੍ਰਣ ਪ੍ਰਭਾਵਿਤ ਰੂਪ ਵਿੱਚ ਕੀਤਾ ਜਾਂਦਾ ਹੈ। ਇਹਨਾਂ ਦੁਆਰਾ ਨਾਟਕ ਦੇ ਪ੍ਰਭਾਵ ਨੂੰ ਤੀਬਰ ਕੀਤਾ ਜਾਂਦਾ ਹੈ। ਨਾਟਕ ਦੀ ਕਹਾਣੀ ਨੂੰ ਗਤੀਸ਼ੀਲ, ਕਾਰਜ ਨੂੰ ਰੌਚਿਕ ਅਤੇ ਮਨਮੋਹਕ ਉਸਾਰੀ ਲਈ

ਇਸਦੀ ਖ਼ਾਸ ਭੂਮਿਕਾ ਹੁੰਦੀ ਹੈ। ਕਿਸੇ ਅਦਾਕਾਰ, ਵਾਤਾਵਰਣ, ਘਟਨਾਵਾਂ ਜਾਂ ਪ੍ਰਸਥਿਤੀਆਂ ਨੂੰ ਪੇਸ਼ ਕਰਨ ਆਉਂਦੇ ਸੰਕਟ ਜਾਂ ਰੁਕਾਵਟ ਨੂੰ ਟਾਲਿਆ ਜਾਂਦਾ ਹੈ। ਸਵਰਾਜਬੀਰ ਦੇ ਨਾਟਕਾਂ ਵਿੱਚ ਕਾਵਿਕ ਤੱਤਾਂ ਦੇ ਮਿਸ਼ਰਨ ਦੀ ਭਰਮਾਰ ਮੌਜੂਦ ਹੈ। ਇਹਨਾਂ ਨਾਟਕਾਂ ਵਿਚ ਇਹ ਕਾਵਿਕ ਤੱਤ ਵਿਭਿੰਨ ਕਿਸਮਾਂ ਦੇ ਵਰਤੇ ਗਏ ਹਨ ਜਿਵੇਂ ਗੀਤ, ਲੋਕ ਗੀਤ, ਲੋਰੀਆਂ, ਪ੍ਰਾਥਨਾਵਾਂ, ਭਜਨ, ਸਲੋਕ, ਗੁਰਬਾਣੀ ਦੀਆਂ ਤੁਕਾਂ, ਲਕੋਕਤੀਆਂ ਆਦਿ। ਨਾਟਕ ਦੀ ਪਾਸ਼ਕਾਰੀ ਸਮੇਂ ਇਹਨਾਂ ਕਾਵਿ ਰੁਪਾਂ ਦੇ ਸੰਗੀਤਕ ਬੋਲ ਕਦੇ ਪਿੱਠ ਭੂਮੀ 'ਚੋਂ ਉਭਰਦੇ ਹਨ ਅਤੇ ਕਦੇ ਗਾਇਕ ਮੰਡਲੀ ਦੇ ਸਿੱਧੇ ਪ੍ਰਵੇਸ਼ ਰਾਹੀਂ। ਨਾਟਕ ਦਾ ਬਹੁਤ ਸਾਰਾ ਹਿੱਸਾ ਕਾਵਿਕ ਵਿਧੀ ਰਾਹੀਂ ਸਿਰਜਿਆ ਗਿਆ ਹੈ। ਅੰਕ ਪਹਿਲੇ ਦੇ ਪਹਿਲੇ ਦ੍ਰਿਸ਼ ਵਿੱਚ ਨਿਮਲ ਦੇਈ ਦੀਆਂ ਸਹੇਲੀਆਂ ਲੰਬੇ ਗੀਤ ਰਾਹੀਂ ਉਸ ਦੀ ਸੁੰਦਰਤਾ ਦਾ ਪ੍ਰਗਟਾਵਾ ਕਰਦੀਆਂ ਹਨ। ਜਨਮੇਜਯ ਦੇ ਜਨਮ ਵੇਲੇ ਦੇ ਦ੍ਰਿਸ਼ ਵਿੱਚ ਗਾਇਆ ਗਿਆ ਲੋਕਗੀਤ।

*ਵਧਾਈ ਵੇ ਵਧਾਈ, ਵਧਾਈ ਵੇ ਵਧਾਈ*
*ਧੰਨ ਭਾਗ ਪਾਂਡੂ ਕੁਲ ਦੇ, ਵੇਲ ਜਿਸ ਦੀ ਵਿਧੀ ਵਧਾਈ* [24]

**ਚਿੰਨ੍ਹ ਅਤੇ ਪ੍ਰਤੀਕ**:

ਕਿਸੇ ਨਾਟਕ ਵਿੱਚ ਨਾਟਕਕਾਰ ਵਲੋਂ ਵਰਤੇ ਗਏ ਚਿੰਨ੍ਹ ਅਤੇ ਪ੍ਰਤੀਕ ਨਾਟ ਜੁਗਤਾਂ ਵਜੋਂ ਵਿਸ਼ੇਸ਼ ਮਹੱਤਵ ਰੱਖਦੇ ਹਨ। ਕਿਸੇ ਸਥਿਤੀ, ਮਨੋਸਥਿਤੀ, ਮਹੌਲ, ਸੰਭਾਵਨਾ, ਆਸ਼ਾ, ਮਨਸ਼ਾ ਜਿਨ੍ਹਾਂ ਦੀ ਸੂਖਮਤਾ ਨੂੰ ਨਾਟਕਕਾਰ ਸਿੱਧਾ, ਸਪਸ਼ਟ ਜਾਂ ਸੰਵਾਦ ਰਾਹੀਂ ਪ੍ਰਗਟਾਉਣ ਦੀ ਥਾਂ ਪ੍ਰਤੀਕਾਂ ਜਾਂ ਚਿੰਨ੍ਹਾਂ ਰਾਹੀਂ ਸਿਰਜਦਾ ਹੈ ਉਸਨੂੰ ਪ੍ਰਤੀਕਾਤਮਕ ਜਾਂ ਚਿੰਨ੍ਹਾਵਾਦੀ ਰਚਨਾ ਕਿਹਾ ਜਾਂਦਾ ਹੈ। ਇਹ ਜੁਗਤ ਰਚਨਾ ਨੂੰ ਬੇਲੋੜੀ ਵਾਰਤਾਲਾਪ ਅਤੇ ਲੰਮੇਰੇਪਣ ਤੋਂ ਬਚਾਕੇ ਉਸਨੂੰ ਸੰਖੇਪ ਅਤੇ ਅਤਿ ਦੀ ਪ੍ਰਭਾਵਸ਼ਾਲੀ ਬਣਾਉਂਦੀ ਹੈ। ਨਾਟਕੀ ਬਿਰਤਾਂਤ ਅਤੇ ਪੇਸ਼ਕਾਰੀ ਨੂੰ ਸੰਘਣਾ ਅਤੇ ਰੌਚਿਕ ਬਣਾਇਆ ਜਾਂਦਾ ਹੈ। ਢੁੱਕਵੇਂ ਚਿੰਨ੍ਹ ਪ੍ਰਤੀਕਾਂ ਦੀ ਵਰਤੋਂ ਰਚਨਾਕਾਰ ਦੇ ਬੌਧਿਕ ਪੱਧਰ 'ਤੇ ਨਿਰਭਰ ਕਰਦੀ ਹੈ ਜੋ ਦਰਸ਼ਕਾਂ ਕੋਲੋਂ ਵੀ ਬੌਧਿਕਤਾ ਅਤੇ ਇਕਸਾਰਤਾ ਦੀ ਮੰਗ ਕਰਦੀ ਹੈ। ਸਵਰਾਜਬੀਰ ਬੌਧਿਕਤਾ ਪ੍ਰਧਾਨ ਨਾਟਕਕਾਰ ਹੈ। ਉਸਨੇ ਆਪਣੇ ਵਿਚਾਰਾਂ ਦੇ ਪ੍ਰਵਾਹ ਲਈ ਸਾਰੇ ਨਾਟਕਾਂ ਵਿੱਚ ਚਿੰਨ੍ਹਾਂ ਅਤੇ ਪ੍ਰਤੀਕਾਂ ਦੀ ਬੜੀ ਸਫ਼ਲ ਵਰਤੋਂ ਕੀਤੀ ਹੈ। ਉਸਦੀਆਂ ਰਚਨਾਵਾਂ ਇਤਿਹਾਸਕ ਅਤੇ ਮਿਥਿਹਾਸਕ ਕਥਾਵਾਂ ਦੇ ਆਧਾਰਤ ਹੋਣ ਕਰਕੇ ਚਿੰਨ੍ਹਾਂ ਅਤੇ ਪ੍ਰਤੀਕਾਂ ਦੀ ਚੋਣ ਵੀ ਇਤਿਹਾਸਕਤਾ ਅਤੇ ਮਿਥਿਹਾਸਕਤਾ ਦੇ ਆਧਾਰਤ ਹੈ। ਉਹ ਇਤਿਹਾਸ ਅਤੇ ਮਿਥਿਹਾਸ ਨੂੰ ਲੋਕ ਮਨਾ ਵਿਚ ਪੱਕਾ ਨਹੀਂ ਕਰਦਾ ਸਗੋਂ ਉਹਨਾਂ ਦੇ ਪਰਪੰਰਾਗਤ ਲੋਕ ਵਿਰੋਧੀ ਅਰਥਾਂ ਨੂੰ ਭੰਜਨ ਕਰਕੇ ਲੋਕ ਹਿੱਤ ਵਿਚ ਨਵੇਂ ਅਰਥ ਭਰਦਾ ਹੈ। ਨਾਟਕ ਅਗਨੀ ਕੁੰਡ ਦਾ ਸਿਰਲੇਖ ਵਿਸ਼ੇਸ਼ ਚਿੰਨ੍ਹਾਤਮਕ ਅਰਥ ਰੱਖਦਾ ਹੈ। ਇਹ ਪਰੰਪਰਾਗਤ ਉਹ ਅਗਨੀ ਕੁੰਡ ਨਹੀਂ ਜੋ ਪਵਿੱਤਰਤਾ ਅਤੇ ਕਲਿਆਣ ਦਾ ਪ੍ਰਤੀਕ ਹੋਵੇ। ਇਸ ਅਗਨੀ ਕੁੰਡ ਵਿੱਚ ਹਰ ਉਸ ਵਰਗ, ਸਮਾਜ, ਸਭਿੱਅਤਾ ਅਤੇ ਸੋਚ ਦੀ ਅਹੂਤੀ ਦਿੱਤੀ ਗਈ ਹੈ ਜੋ ਆਰੀਅਨ ਸਭਿੱਅਤਾ ਦੀ ਵਿਆਪਕਤਾ ਵਿੱਚ ਵਿਘਨ ਪੈਦਾ ਕਰਦੀ ਹੈ। ਇਕ ਅਗਨੀ ਕੁੰਡ ਉਹ ਹੈ ਜੋ ਦੁਨੀਆਂ ਦੇ ਹਰ ਮਨੁੱਖ ਅੰਦਰ ਹਰ ਘੜੀ ਬਲਦਾ ਰਹਿੰਦਾ ਹੈ ਜਿਸ ਵਿੱਚ ਉਹ ਆਪਣੀਆਂ ਸੱਧਰਾਂ, ਇੱਛਾਵਾਂ, ਹੱਕਾਂ ਦੀ ਆਹੂਤੀ ਦਿੰਦਾ ਰਹਿੰਦਾ ਹੈ। ਨਾਟਕ ਵਿੱਚ ਨਿਮਲ, ਕਾਸ਼ੀਯਾ, ਜਨਮੇਜਯ, ਤਕਸ਼ਕ, ਆਸਤੀਕ ਆਦਿ ਪਾਤਰਾਂ ਅੰਦਰ ਵੀ ਆਪਣੇ-ਆਪਣੇ ਅਗਨੀ ਕੁੰਡ ਬਲ ਰਹੇ ਹਨ। ਪੰਛੀ ਮਨੁੱਖ ਜਾਂ ਇੱਲ ਮਨੁੱਖ ਦੇ ਕਿਰਦਾਰ ਅਤੇ ਕਰਮਾਂ ਕਰਕੇ ਹੋਣੀ ਦਾ ਪ੍ਰਤੀਕ ਹੈ।

ਸਿੱਟੇ ਵਜੋਂ ਨਾਟਕ ਇਕ ਦਰਸ਼ਨੀ ਕਲਾ ਹੈ ਅਤੇ ਇਸ ਦੀ ਸਫ਼ਲ ਰੰਗਮੰਚੀ ਪੇਸ਼ਕਾਰੀ ਲਈ ਨਾਟਕਕਾਰ ਵਲੋਂ ਨਾਟਕ ਦੇ ਪਾਠ ਵਿੱਚ ਦਿੱਤੇ ਗਏ ਨਿਰਦੇਸ਼ ਅਤੇ ਨਾਟਕੀ ਜੁਗਤਾਂ ਨਾਟਕ ਦੇ ਅਹਿਮ ਅੰਗ ਹੁੰਦੇ ਹਨ। ਨਾਟਕਕਾਰ ਇਸ ਕੋਸ਼ਿਸ਼ ਵਿੱਚ ਰਹਿੰਦਾ ਹੈ ਕਿ ਰਚਨਾ ਲਈ ਉਹ ਉਹਨਾਂ ਜੁਗਤਾਂ ਦੀ ਵਰਤੋਂ ਕਰੇ ਜੋ ਯਥਾਰਥਕ ਰੂਪ ਵਿੱਚ ਪੇਸ਼ ਹੋ ਸਕਣ। ਸਵਰਾਜਬੀਰ ਬਹੁਤ ਡੂੰਘਾ ਅਤੇ ਸੁਲਝਿਆ ਹੋਇਆ ਨਾਟਕਕਾਰ ਹੈ। ਉਸ ਵਿੱਚ ਗੁੰਝਲਦਾਰ ਵਿਸ਼ਿਆਂ ਨੂੰ ਸਿੱਧਾ ਕਰਕੇ ਪੇਸ਼ ਕਰਨ ਦੀ ਅਥਾਹ ਸਮਰੱਥਾ ਹੈ। ਉਸਦਾ ਨਾਟ ਸੰਸਾਰ ਸਮੂਹ ਨਾਟਕੀ ਸਾਹਿਤ ਨੂੰ ਦੁਹਰਾਵੀਆਂ ਅਤੇ ਪੰਰਪਰਾਗਤ ਜੁਗਤਾਂ ਤੋਂ ਮੁਕਤ ਕਰਾਉਂਦਾ ਹੈ। ਉਹ ਆਪਣੇ ਨਾਟਕ ਵਿੱਚ ਪੇਸ਼ ਆਪਣੀ ਗੂੜ੍ਹ, ਡੂੰਘੀ ਤੇ ਸੂਖਮ ਵਿਚਾਰਧਾਰਾ ਦੇ ਰੁਪਾਂਤ੍ਰਣ ਨੂੰ ਨਿਵੇਕਲੀਆਂ ਨਾਟ ਜੁਗਤਾਂ ਰਾਹੀਂ ਸੰਭਵ ਬਣਾਉਂਦਾ ਹੈ। ਨਾਟਕ ਅਗਨੀ ਕੁੰਡ ਦਾ ਬਿਰਤਾਂਤ ਆਪਣੇ ਅੰਦਰ ਕਈ ਸਦੀਆਂ ਪੁਰਾਣਾ ਸਾਂਸਕ੍ਰਿਤਕ ਵਰਤਾਰਾ ਸਮੋਈ ਬੈਠਾ ਹੈ ਜਿਸਦੀ ਸਿਰਜਣਾ ਅਤੇ ਪੇਸ਼ਕਾਰੀ ਸਵਰਾਜਬੀਰ ਦੀ ਉੱਤਮ ਕਲਾ ਦ੍ਰਿਸ਼ਟੀ ਦੀ ਮਿਸਾਲ ਹੈ। ਉਸ ਵਲੋਂ ਵਰਤੀਆਂ ਗਈਆਂ ਨਾਟ ਜੁਗਤਾਂ ਭਾਰਤੀ ਨਾਟ-ਸ਼ੈਲੀ, ਲੋਕ ਨਾਟ-ਸ਼ੈਲੀ ਅਤੇ ਪੱਛਮੀ ਨਾਟ-ਸ਼ੈਲੀ ਦਾ ਮਿਲ ਗੋਭਾ ਹਨ।

## ਹਵਾਲੇ ਅਤੇ ਟਿੱਪਣੀਆਂ


1. ਫ਼ੁੱਲ, ਗੁਰਦਿਆਲ ਸਿੰਘ, 2011, ਪੰਜਾਬੀ ਨਾਟਕ: ਸਰੂਪ, ਸਿਧਾਂਤ ਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ: 121.
2. ਨੂਰ, ਡਾ.ਜਗੀਰ ਸਿੰਘ, 1988, ਨਾਟਕ ਸਿਧਾਂਤ ਅਤੇ ਸਿੱਧੂ ਦੀ ਨਾਟ-ਚੇਤਨਾ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਲੁਧਿਆਣਾ, ਪੰਨਾ: 13.
3. ਡਾ. ਹਰਜੋਧ ਸਿੰਘ (ਸੰਪਾਦਕ), 2016, ਸਵਰਾਜਬੀਰ ਦਾ ਨਾਟ ਜਗਤ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਪੰਨਾ: 125.
4. -ਉਹੀ-, ਪੰਨਾ: 59.
5. ਡਾ. ਰਵੇਲ ਸਿੰਘ (ਸੰਪਾਦਕ), 2003, ਬਲਵੰਤ ਗਾਰਗੀ ਦੀਆਂ ਨਾਟ-ਜੁਗਤਾਂ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਪੰਨਾ: 57.
6. ਡਾ. ਸਰਬਜੀਤ ਸਿੰਘ, 2005, ਮਿੱਥ ਤੇ ਵਰਤਮਾਨ( ਸਵਰਾਜਬੀਰ ਦਾ ਨਾਟ-ਪਰਿਪੇਖ), ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਪੰਨਾ: 11.
7. ਸਵਰਾਜਬੀਰ, 2016, ਅਗਨੀ ਕੁੰਡ, ਯੂਨੀਸਟਾਰ ਬੁਕਸ, ਮੁਹਾਲੀ, ਚੰਡੀਗੜ੍ਹ, ਪੰਨਾ: 10.
8. ਡਾ. ਸਰਬਜੀਤ ਸਿੰਘ, 2005, ਮਿੱਥ ਤੇ ਵਰਤਮਾਨ (ਸਵਰਾਜਬੀਰ ਦਾ ਨਾਟ-ਪਰਿਪੇਖ), ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਪੰਨਾ: 64
9. ਸਵਰਾਜਬੀਰ, 2016, ਅਗਨੀ ਕੁੰਡ, ਯੂਨੀਸਟਾਰ ਬੁਕਸ, ਮੁਹਾਲੀ, ਚੰਡੀਗੜ੍ਹ, ਪੰਨਾ: 31.
10. -ਉਹੀ-, ਪੰਨਾ: 107.
11. -ਉਹੀ-, ਪੰਨਾ: 33.
12. -ਉਹੀ-, ਪੰਨਾ: 34.
13. -ਉਹੀ-, ਪੰਨਾ: 34.
14. -ਉਹੀ-, ਪੰਨਾ: 66.
15. ਡਾ. ਹਰਜੋਧ ਸਿੰਘ (ਸੰਪਾਦਕ), 2016, ਸਵਰਾਜਬੀਰ ਦਾ ਨਾਟ ਜਗਤ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਪੰਨਾ: 12.
16. ਸਵਰਾਜਬੀਰ, 2016, ਅਗਨੀ ਕੁੰਡ, ਯੂਨੀਸਟਾਰ ਬੁਕਸ, ਮੁਹਾਲੀ, ਚੰਡੀਗੜ੍ਹ, ਪੰਨਾ: 31.
17. ਡਾ. ਗੁਰਪ੍ਰੀਤ ਕੌਰ, 2016, ਸਵਰਾਜਬੀਰ ਦੀ ਨਾਟ-ਕਲਾ, ਯੂਨੀਸਟਾਰ ਬੁਕਸ, ਮੁਹਾਲੀ, ਚੰਡੀਗੜ੍ਹ, ਪੰਨਾ: 69
18. ਸਵਰਾਜਬੀਰ, 2016, ਅਗਨੀ ਕੁੰਡ, ਯੂਨੀਸਟਾਰ ਬੁਕਸ, ਮੁਹਾਲੀ, ਚੰਡੀਗੜ੍ਹ, ਪੰਨਾ: 34.
19. -ਉਹੀ-, ਪੰਨਾ: 98.
20. ਜੀ.ਐਲ. ਸ਼ਰਮਾ, ਮਿਤੀਹੀਣ, ਨਾਟਕ ਸਿਧਾਂਤ ਤੇ ਰੰਗ-ਮੰਚ, ਏਕਤਾ ਪ੍ਰਕਾਸ਼ਨ, ਅੰਮ੍ਰਿਤਸਰ, ਪੰਨਾ: 73.
21. ਸਵਰਾਜਬੀਰ, 2016, ਅਗਨੀ ਕੁੰਡ, ਯੂਨੀਸਟਾਰ ਬੁਕਸ, ਮੁਹਾਲੀ, ਚੰਡੀਗੜ੍ਹ, ਪੰਨਾ: 86.
22. ਫ਼ੁੱਲ, ਗੁਰਦਿਆਲ ਸਿੰਘ, 2011, ਪੰਜਾਬੀ ਨਾਟਕ: ਸਰੂਪ, ਸਿਧਾਂਤ ਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ: 91.
23. ਸਵਰਾਜਬੀਰ, 2016, ਅਗਨੀ ਕੁੰਡ, ਯੂਨੀਸਟਾਰ ਬੁਕਸ, ਮੁਹਾਲੀ, ਚੰਡੀਗੜ੍ਹ, ਪੰਨਾ: 57.
24. -ਉਹੀ-, ਪੰਨਾ: 83.



***Cite this Article-***

ਡਾ. ਸਿਮਰਜੀਤ ਕੌਰ (Dr. Simarjit Kaur), ਸਵਰਾਜਬੀਰ ਰਚਿਤ ਨਾਟਕ 'ਅਗਨੀ ਕੁੰਡ' ਦੀਆਂ ਨਾਟ ਜੁਗਤਾਂ (SAWRAJBIR RACHIT NATAK 'AGNI KUND' DIAN NAAT JUGTAAN), *ਅਰਮਾਨ (ARMAAN), ISSN: 2583-9446 (O), Volume 3, Issue 3, July-September 2025, Page: 70-78.*

***Journal URL:*** www.armaan.org.in

**DOI:** https://doi.org/10.64119/armaan.vol.3.issue3.11


*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*